ਰੇਡੀਓ ਲਵੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

ਕੜੀ-35

ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗੀ- ਚਰਚਾ **( Sustainable Development – Charcha )**

ਪੰਜਾਬੀ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(This is an interactive episode , in this episode we shall discuss the themes of the previous 10 episodes , likely to have an interaction with experts , and shall try to raise the issues on doubts of the audience and provide possible solutions and also try to answer the questions raised .)**

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਲੋੜ ਅਨੁਸਾਰ ਹੋਰ

<u>ਸ਼ੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

"ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗੀ"

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗ**" ਦੀਆਂ ਚੌਂਤੀ ਕੜੀਆਂ ਰਾਹੀਂ ਹੁਣ ਤੱਕ ਤੁਸੀਂ ਸੁਣ ਚੁੱਕੇ ਹੋ ਵਾਰਤਾ ਸਾਡੇ ਅਜੋਕੇ ਵਿਕਾਸ ਦੇ ਮਾਡਲ ਦੀ ਦਿਸ਼ਾ ਦੀ! ਪਤਾ ਚੱਲਿਆ ਸਾਨੂੰ ਕਿ ਵਿਕਾਸ ਦੇ 'ਵਰਤੋ ਤੇ ਸੁੱਟੋ' ਮਾਡਲ ਦੇ ਨੁਕਸਾਨ ਪਹੁੰਚ ਜਾਂਦੇ ਨੇ ਕਿਸ ਹੱਦ ਤੱਕ ? ਕਿੰਨਾ ਹੈ ਵਿਸ਼ਾਲ ਕਲਾਵਾ ਇਨ੍ਹਾਂ ਦਾ ? ਕਿਵੇਂ ਹੁੰਦਾ ਹੈ ਘਾਣ ਕੁਦਰਤ ਦਾ ਮੌਜੂਦਾ ਵਿਕਾਸ ਦੀ ਕੁਦਰਤ ਵਿਰੋਧੀ ਦਿਸ਼ਾ ਕਾਰਨ ? ਕਿਵੇਂ ਸੰਭਵ ਨਹੀਂ ਹੈ ਬਚਣਾ ਇਸ ਧਰਤ ਗ੍ਰਹਿ ਦਾ ਜੇਕਰ ਨਾ ਦਿੱਤਾ ਮੋੜਾ ਕੁਦਰਤ ਦੇ ਇਸ ਦੋਹਨ ਨੂੰ ? ਹੋ ਰਿਹਾ ਹੈ ਜਿਹੜਾ ਬੇਲੋੜੇ ਖਪਤਵਾਦ ਕਾਰਨ ! ਸੁਣੀਆਂ ਨੇ ਕਹਾਣੀਆਂ ਕੁਦਰਤ ਨਾਲ ਇਕਸੁਰਤਾ ਵਾਲੇ ਵਿਕਾਸ ਦੀ ਦਿਸ਼ਾ ਦੀਆਂ, ਲੋੜੀਂਦੇ ਬਦਲਾਵਾਂ ਦੀਆਂ, ਲੋੜ ਹੈ ਜਿਨ੍ਹਾਂ ਦੀ ਵਿਕਾਸ ਦੇ ਧਰਾਤਲ ਤੇ । ਅੱਜ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਵੱਖ ਵੱਖ ਪਹਿਲੂਆਂ ਦੇ ਸੰਖੇਪ ਸਾਰ ਨੂੰ ਲੈ ਕੇ ਜਿਨ੍ਹਾਂ ਬਾਬਤ ਅਸੀਂ ਪਿਛਲੀਆਂ ਦਸ ਕੜੀਆਂ ਵਿੱਚ ਪੇਸ਼ ਕਰ ਚੁੱਕੇ ਹਾਂ ਵਿਸਤ੍ਰਿਤ ਜਾਣਕਾਰੀ ! ਕਰਾਂਗੇ ਇੱਕ ਵਾਰ ਸਮੁੱਚਾ ਵਿਚਾਰ ਵਟਾਂਦਰਾ ।ਸੰਭਵ ਹੈ ਕਿ ਮਾਹਰ ਵੀ ਤੁਹਾਡੇ ਵੱਲੋਂ ਉਠਾਏ ਪ੍ਰਸ਼ਨਾਂ ਦਾ ਉੱਤਰ ਦੇਣ ਤੇ ਤੁਹਾਡੇ ਸ਼ੰਕਿਆਂ ਦੀ ਨਵਿਰਤੀ ਕਰਨ ।ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗੀ**" ਦੀ 35ਵੀਂ ਕੜੀ ।

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਆਪ ਸਭ ਦਾ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗੀ**" ਦੀ ਪੈਂਤੀਵੀਂ ਕੜੀ ਵਿੱਚ ਨਿਘਾ ਸੁਆਗਤ ਹੈ । "**ਟਿਕਾਊ ਵਿਕਾਸ**" ਸੁਣਦੇ ਹੀ ਸਾਡੇ ਸਾਹਮਣੇ ਆ ਜਾਂਦੀ ਹੈ ਤਸਵੀਰ ਬਦਲਦੀ ਤਰਜੇ ਜ਼ਿੰਦਗੀ ਦੀ, ਖਪਤ ਸਭਿਆਚਾਰ ਦੀ, 'ਵਰਤ ਕੇ ਸੁੱਟ ਦੇਣ ਵਾਲੇ ਕੁਦਰਤ ਵਿਰੋਧੀ ਹਥਿਆਰ ਦੀ! ਸਾਡੇ ਪੰਜਾਬ ਨੇ ਤਾਂ ਅਨੇਕਾਂ ਝੱਲੀਆਂ ਨੇ ਤ੍ਰਾਸਦੀਆਂ, ਕੁਦਰਤ ਦੇ ਇਸ ਵਿਗਾੜੇ ਗਏ ਸੰਤੁਲਨ ਕਾਰਨ ! ਪਾਣੀ ਸਾਡਾ ਹੋ ਗਿਆ ਮਲੀਨ , ਹਵਾ ਸਾਡੀ ਜਹਿਰੀਲੀ, ਮਿੱਟੀ ਸਾਡੀ ਰਹੀ ਹੈ ਮਰ ! ਧਰਤ ਹੇਠਲਾ ਪਾਣੀ ਵੀ ਚਲਿਆ ਗਿਆ ਪਤਾਲਾਂ ਨੂੰ ਹੀ , ਫੈਲ ਰਹੇ ਨੇ ਕੈਂਸਰ, ਕਾਲਾ ਪੀਲੀਆ ਤੇ ਹੋਰ ਭਿਆਨਕ ਰੋਗ, ਨਿਗਲ ਰਹੀ ਹੈ ਇਸ ਨਾਲ ਪੈਦਾ ਹੋਈ ਮੰਦੀ ਅਰਥਕਤਾ ਦੀ ਇਹ ਤ੍ਰਾਸਦੀ ਸਾਡੇ ਕਿਸਾਨਾਂ ਨੂੰ , ਮਜਦੂਰਾਂ ਨੂੰ , ਜੁਆਨੀ ਨੂੰ ਤੇ ਔਰਤਾਂ ਨੂੰ , ਸਾਰਿਆਂ ਦੀ ਸਿਹਤ ਨੂੰ ਸਾਡੇ ਕੁਦਰਤੀ ਸ੍ਰੋਤਾਂ ਨੂੰ ਤੇ ਜੈਵਿਕ ਵੰਨ -ਸੁਵੰਨਤਾ ਨੂੰ ਵੀ ।

**ਮਰਦ ਸੂਤਰਧਾਰ:** ਪੰਜਾਬ ਦੇ ਸੰਸਾਧਨਾਂ ਤੇ ਕਬਜਾ ਹੈ ਮੁਠੀ ਭਰ ਤਾਕਤਾਂ ਦਾ !

**ਔਰਤ ਸੂਤਰਧਾਰ:** ਸਾਡੇ ਕੁਦਰਤੀ ਸੰਸਾਧਨ ਯਾਣੀ ਕਿ ਕੁਦਰਤ ਤੋਂ ਮਿਲੀਆਂ ਵਸਤਾਂ ਜਿਵੇਂ ਹਵਾ, ਪਾਣੀ ਤੇ ਮਿੱਟੀ, ਪਹਾੜ , ਸਮੁੰਦਰ ਤੇ ਦਰਿਆ ਆਦਿ ਹੋ ਰਹੇ ਨੇ ਬਰਬਾਦ !

**ਮਰਦ ਸੂਤਰਧਾਰ:** ਸੰਸਾਰ ਦੇ ਸੰਸਾਧਨਾਂ ਦਾ 80% ਹੈ ਕੇਵਲ 20% ਦੀ ਮੁੱਠੀ ਵਿੱਚ !

**ਔਰਤ ਸੂਤਰਧਾਰ:** ਹਾਂ ਬਾਕੀ ਦੀ 80 % ਲੁਕਾਈ ਦੇ ਹਿੱਸੇ ਤਾਂ ਰਹਿ ਗਏ ਕੇਵਲ 20% ਹੀ ਇਹ ਸੰਸਾਧਨ !

**ਮਰਦ ਸੂਤਰਧਾਰ:**ਹਾਂ ਪ੍ਰਭਾਣੀ ! ਪਰ ਇਸ ਤੋਂ ਅੱਗੇ ਵੀ ਕਾਣੀ ਵੰਡ ਖਤਮ ਨਹੀਂ ਹੋਈ !

**ਔਰਤ ਸੂਤਰਧਾਰ:** ਹੈਂ ! ਕਾਣੀ ਵੰਡ ਇਨ੍ਹਾਂ 20% ਦੀ ਵੀ ?!

**ਮਰਦ ਸੂਤਰਧਾਰ:** ਹਾਂ ਕਾਣੀ ਵੰਡ ! ਇਨ੍ਹਾਂ ਵਿੱਚੋਂ ਨਿਚਲੇ 40% ਕੋਲ ਤਾਂ ਕੇਵਲ 5% ਹੀ ਨੇ ਇਹ ਸੰਸਾਧਨ !

**ਔਰਤ ਸੂਤਰਧਾਰ:** ਅੱਛਾ ! ਤਾਂ ਤੇ ਇਨ੍ਹਾਂ 40% ਵਿੱਚ ਵੀ ਹੋਣਾ ਹੀ ਹੈ ਕੋਈ ਪਾੜਾ ਤਾਂ !

**ਮਰਦ ਸੂਤਰਧਾਰ:** ਹਾਂ ! ਹੈ ਪਾੜਾ ਨਿਚਲਿਆਂ ਵਿੱਚ ਵੀ ! ਹੇਠਲੇ 20% ਲੋਕ ਤਾਂ ਕਰਦੇ ਨੇ ਗੁਜਾਰਾ 2% ਸੰਸਾਧਨਾਂ ਨਾਲ ਹੀ !

**ਔਰਤ ਸੂਤਰਧਾਰ:** ਵਾਹ ਕਿਆ ਕਮਾਲ ਹੈ ਮੌਕਾ ਮੇਲ ! ਉਪਰਲੇ 20% ਕੋਲ 80% ਦਾ ਕਬਜਾ ਤੇ ਨਿਚਲੇ 20% ਕੋਲ ਕੇਵਲ 2% , ਕੀ ਮੁਕਾਬਲਾ ਦੋਹਾਂ ਦਾ ! "ਕਿਥੇ ਰਾਜਾ ਭੋਜ ਤੇ ਕਿਥੇ ਗੰਗਾ ਤੇਲੀ" !

**ਮਰਦ ਸੂਤਰਧਾਰ:** ਪਰ ਪ੍ਰਭਾਣੀ ਇਹ ਮੌਕਾ ਮੇਲ ਨਹੀਂ ! ਇਹ ਇੱਕ ਉਸ ਵਿਵਸਥਾ ਦਾ ਹੈ ਨਤੀਜਾ, ਜਿੱਥੇ ਸਾਡੀਆਂ ਅੱਖਾ ਦੇ ਸਾਹਮਣੇ ਹੀ ਹੈ ਪੈਰ ਪੈਰ 'ਤੇ ਕਾਣੀ ਵੰਡ !

**ਔਰਤ ਸੂਤਰਧਾਰ:** ਹਾਂ ! ਇਹ ਗੱਲ ਤਾਂ ਇਸ ਕੜੀ ਅਮਾਨਤ ਵਿੱਚ ਵੀ ਸੁਣੀ ਸੀ ਕਿ ਬੇਸ਼ੱਕ ਵਧਦੀ ਆਬਾਦੀ ਸਾਡੇ ਸੰਸਾਧਨਾਂ ਦੀ ਕਰ ਰਹੀ ਹੈ ਖਪਤ ਪਰ ਸਾਡੀਆਂ ਥੁੜਾਂ ਤੇ ਕੁਦਰਤੀ ਸੰਤੁਲਣ ਦੇ ਵਿਗੜਣ ਦਾ ਵੱਡਾ ਕਾਰਨ ਹੈ ਸੰਸਾਧਨਾਂ ਦੀ ਕਾਣੀ ਵੰਡ !

**ਮਰਦ ਸੂਤਰਧਾਰ:** ਬੱਸ ਕਰ ਹੁਣ ਬੱਸ ! ਭੇਦ ਦੀ ਗੱਲ ਹੁਣ ਤੈਨੂੰ ਆ ਗਈ ਸਮਝ ਤੇ ਵਜਾ ਦਿੱਤੀ ਤੈਂ ਡੁਗਡੁਗੀ ਵੀ ! ਆਪੇ ਬਚਾ ਲੈਣਗੇ ਹੁਣ ਕੁਦਰਤ ਨੂੰ ਇਸਦੇ ਅਸਲੀ ਵਾਰਸ !

**ਔਰਤ ਸੂਤਰਧਾਰ:** ਹਾਂ ! ਬਚਾਉਣਗੇ ਜਰੂਰ ! ਚਿਪਕੋ ਅੰਦੋਲਨ ਵੀ ਤਾਂ ਇਸੇ ਤਰ੍ਹਾਂ ਇਨ੍ਹਾਂ ਸੰਸਾਧਨਾਂ ਦੇ ਬਚਾਓ ਦੀ ਸੀ ਇੱਕ ਲੋਕ ਲਹਿਰ !

**ਮਰਦ ਸੂਤਰਧਾਰ:** ਇਸੇ ਕਾਰਨ ਤਾਂ ਸੁਣਾਈ ਸੀ ਕਹਾਣੀ ਕਿ ਕਿਵੇਂ ਲੋੜ ਹੈ ਬਚਾਉਣ ਦੀ ਸਾਡੇ ਇਸ ਕੁਦਰਤੀ ਤਾਣੇ ਬਾਣੇ ਨੂੰ ! ਪਰਸਥਿਤਿਕ ਤੰਤਰ ਨੂੰ !

**ਔਰਤ ਸੂਤਰਧਾਰ:** ਹਾਂ ਅਸੀਂ ਜਾਣ ਗਏ ਸੀ ਕਿ ਇਹ ਤਾਣਾ ਬਾਣਾ ਕਿਵੇਂ ਹੈ ਜੁੜਿਆ ਇੱਕ ਦੂਜੇ ਨਾਲ !

**ਮਰਦ ਸੂਤਰਧਾਰ:** ਇਸੇ ਕਰਕੇ ਤਾਂ ਅਸੀਂ ਜਾਣ ਗਏ ਸਾਂ ਕਿ ਪੁਰਾਣੇ ਜ਼ਮਾਨੇ ਵਿੱਚ ਲੋਕ ਸਿਖਿਆ ਵੀ ਕੁਦਰਤ ਨਾਲ ਇੱਕ ਮਿੱਕ ਹੋ ਪ੍ਰਾਪਤ ਕਰਦੇ ਸਨ ਤੇ ਸਮਝ ਜਾਂਦੇ ਸਨ ਕੁਦਰਤੀ ਦਾਤਾਂ ਦੀ ਅਹਿਮੀਅਤ !

**ਔਰਤ ਸੂਤਰਧਾਰ:** ਸਮਝ ਜਾਂਦੇ ਸਨ ਸਾਰੇ ਪੜ੍ਹੇ ਲਿਖੇ ਵੀ ਕਿ ਸਾਡੀ ਇਹ ਸਿਰਜਨਹਾਰ ਕੁਦਰਤ ਹੈ ਇੱਕ ਜਿਉਂਦੀ ਜਾਗਦੀ ਪ੍ਰਣਾਲੀ !

**ਮਰਦ ਸੂਤਰਧਾਰ:** ਹਾਂ ! ਭਾਂਤ-ਭਾਂਤ ਦੇ ਤਾਣੇ ਬਾਨਿਆਂ ਵਾਲੀ ਇੱਕ ਮੱਘਦੀ ਲੱਟ ਲੱਟ ਕਰਦੀ ਪ੍ਰਣਾਲੀ !

**ਔਰਤ ਸੂਤਰਧਾਰ:** ਸੁਣਿਆ ਸੀ ਕਿ ਕਿਵੇਂ ਆਧੁਨਿਕ ਵਿਕਾਸ ਦੇ ਦੌਰ ਵਿੱਚ ਖਪਤਵਾਦ ਨਾਲ ਅਮਨ੍ਹਾਂ ਹੋਇਆ ਇਨਸਾਨ ਕੋਸ਼ਿਸ਼ ਕਰਦਾ ਹੈ ਨਾ-ਨਾ ਪ੍ਰਕਾਰ ਦੀਆਂ ਕੁਦਰਤੀ ਦਾਤਾਂ ਨੂੰ ਸਿੱਕਿਆਂ ਦੀ ਤੱਕੜੀ ਵਿੱਚ ਹੀ ਤੋਲਣ ਦਾ !

**ਮਰਦ ਸੂਤਰਧਾਰ:** ਚਾਂਦੀ ਦੇ ਕੁੱਝ ਸਿੱਕਿਆਂ ਬਦਲੇ ਚਮਨ ਵੀਰਾਨ ਤਾਂ ਹੋਇਆ ਹੈ !

**ਔਰਤ ਸੂਤਰਧਾਰ:** ਪੈਸੇ ਦੀ ਇਸ ਚਕਾ ਚੌਂਧ ਵਿੱਚ ਕੁਦਰਤ ਦਾ ਸੰਤੁਲਨ ਵੀ ਤਾਂ ਖੋਇਆ ਹੈ !

**ਮਰਦ ਸੂਤਰਧਾਰ:** ਹਾਂ ਖੋ ਦਿੱਤਾ ਹੈ ਅਸੀਂ ਸੰਤੁਲਨ ! ਪਿਛਲੀਆਂ ਦੋ ਸਦੀਆਂ ਵਿੱਚ ਅਸੀਂ ਪਰਿਆਵਰਣ ਵਿੱਚ ਵਾਧੂ ਕਾਰਬਨਡਾਈ ਅਕਸਾਈਡ ਸੁੱਟਣ ਵਿੱਚ ਕੋਈ ਕਸਰ ਤਾਂ ਛੱਡੀ ਨਹੀਂ !

**ਔਰਤ ਸੂਤਰਧਾਰ:** ਕਸਰ ਵਰਗੀ ਕਸਰ ! ਪਿਛਲੇ 167 ਸਾਲ ਵਿੱਚ ਇਹ 280 ਪੀ.ਪੀ.ਐਮ ਤੋਂ ਵੱਧ ਕੇ 407 ਪੀ.ਪੀ.ਐਮ ‘ਤੇ ਪਹੁੰਚ ਗਿਆ ਹੈ ।

**ਮਰਦ ਸੂਤਰਧਾਰ:** ਹਾਂ ਪ੍ਰਭਾਣੀ ! ਗੱਲ ਤਾਂ ਤੇਰੀ ਠੀਕ ਆ ! ਜਿੰਨਾ 10,000 ਸਾਲ ਵਿੱਚ ਨਹੀਂ ਸੀ ਵਧਿਆ ਉਸ ਤੋਂ ਵੱਧ 167 ਸਾਲ ਵਿੱਚ ਵੱਧ ਗਿਆ !

**ਔਰਤ ਸੂਤਰਧਾਰ:** ਆਹੋ! ਵਧੇ ਵੀ ਕਿਉਂ ਨਾ ? ਮਨੁੱਖ ਤਾਂ ਹੁਣ ਕੁਦਰਤ ਨੂੰ ਆਪਣੀ ਨਿਜੀ ਸੰਪਤੀ ਸਮਝਦਾ ਹੈ! ਇਸਦੀ ਹਰ ਦਾਤ ਨੂੰ ਪੈਸੇ ਦੀ ਤੱਕੜੀ ‘ਤੇ ਤੋਲਦਾ ਹੈ !

**ਮਰਦ ਸੂਤਰਧਾਰ:** ਇਸੇ ਕਰਕੇ ਤਾਂ ਸਮਝ ਨਹੀਂ ਰਿਹਾ ਤੇ ਕਦਰ ਨਹੀਂ ਕਰ ਪਾ ਰਿਹਾ ਇਸ ਤਾਣੇ ਪੇਟੇ ਵਿੱਚ ਕੀ ਸਟੋਨ ਪ੍ਰਜਾਤੀ ਦੀ ਮਹੱਤਤਾ ਨੂੰ !

**ਔਰਤ ਸੂਤਰਧਾਰ:** ਆਹੋ ਜੀ ! ਜਦ ਪ੍ਰਸਿਥਿਤਿਕ ਤੰਤਰ ਦੇ ਇਸ ਸਾਰੇ ਤਾਣੇ ਬਾਣੇ ਵਿੱਚ ਇਹ ਨੀਂਹ ਪੱਥਰ ਜਾ ਆਧਾਂਰ ਸ਼ਿਲਾ ਪ੍ਰਜਾਤੀ ਦਾ ਸੰਤੁਲਨ ਵਿਗੜ ਜਾਵੇ ਤਾਂ ਉਲਝ ਜਾਂਦੀ ਹੈ ਸਾਰੀ ਤਾਣੀ ਹੀ !

**ਮਰਦ ਸੂਤਰਧਾਰ:** ਡੱਗ ਮਗਾ ਜਾਂਦਾ ਹੈ ਸਾਰਾ ਹੀ ਤੰਤਰ ਇਸ ਕੁਦਰਤੀ ਸੰਤੁਲਨ ਦਾ , ਖਤਮ ਹੋ ਜਾਂਦਾ ਹੈ ਜਾਂ ਬੇਹਦ ਨੁਕਸਾਨਿਆ ਜਾਂਦਾ ਹੈ ਸਾਰਾ ਹੀ ਤੰਤਰ !

**ਔਰਤ ਸੂਤਰਧਾਰ:** ਹੰਮਿੰਗ ਬਰਡ ਇੱਕ ਕਿਸਮ ਦੀ ਚਿੜੀ ਕਰਦੀ ਹੈ ਥੋਹਰਾਂ ਦਾ ਪ੍ਰਾਗਣ ! ਜਦ ਹਮਿੰਗ ਬਰਡ ਘੱਟ ਗਏ ਤਾਂ ਉਥੇ ਕੈਕਟਸ ਗਿਆ ਘੱਟ ਤੇ ਸਾਰੇ ਤੰਤਰ ਨੂੰ ਦੱਬ ਲਿਆ ਸਰਕੜੇ ਵਰਗੇ ਬੱਫਲ ਘਾਹ ਨੇ !

**ਮਰਦ ਸੂਤਰਧਾਰ:** ਪ੍ਰੋਫੈਸਰ ਟੀ ਪੇਨ ਨੇ ਦਰਸਾਇਆ ਕਿ ਕੀ ਸਟੋਨ ਪ੍ਰਜਾਤੀ ਕੀ ਹੈ ਤੇ ਕੀ ਹੈ ਉਸਦਾ ਮੱਹਤਵ !

**ਔਰਤ ਸੂਤਰਧਾਰ:** ਸਮੁੰਦਰ ਦੇ ਇੱਕ ਹਿੱਸੇ ਵਿੱਚੋਂ ਵਿਸ਼ੇਸ਼ ਕਿਸਮ ਦੀ ਸਟਾਰ ਫਿਸ਼ ਦੀ ਇੱਕ ਪ੍ਰਜਾਤੀ ‘ਪਿਸਾਸਟਰ

ਓਕਰੇਸ਼ਿਅਸ’ ਨੂੰ ਕੱਢ ਦੇਣ ਤੇ ਉਥੇ ਰੀੜ੍ਹ ਰਹਿਤ ਜੀਵਾਂ ਦੀਆਂ 10 ਪ੍ਰਜਾਤੀਆਂ ਹੋ ਗਈਆਂ ਅਲੋਪ ਤੇ ਕਰ ਲਿਆਂ ਕਬਜਾ ਸਾਰੀ ਥਾਂ ਤੇ ਸਿੱਪੀਆਂ ਦੀ ਇੱਕ ਪ੍ਰਜਾਤੀ ਨੇ ।

**ਔਰਤ ਸੂਤਰਧਾਰ:** ਇਸੇ ਕਰਕੇ ਤਾਂ ਸਾਨੂੰ ਗਿਆਨ ਹੋਇਆ ਕਿ ਜਿਨਾਂ ਸਾਨੂੰ ਪਤਾ ਹੈ ਕੁਦਰਤ ਕਿਤੇ ਵੱਧ ਸਾਨੂੰ ਦਿੰਦੀ ਹੈ !

**ਮਰਦ ਸੂਤਰਧਾਰ:** ਉਹ ਕੁੱਝ ਵੀ ਜਿਸਦਾ ਸਾਨੂੰ ਇਲਮ ਹੀ ਨਹੀਂ ਹੁੰਦਾ ।

**ਔਰਤ ਸੂਤਰਧਾਰ:** ਗਿਰਜਲੀ ਨਾਮੀ ਰਿੱਛ ਵੀ ਤਾਂ ਇੱਕ ਕੀ ਸਟੋਨ ਪ੍ਰਜਾਤੀ ਹੈ ! ਇਸਦੇ ਖਤਮ ਹੋਣ ਨਾਲ ਜੰਗਲ ਖਤਮ ਤੇ ਵਣ ਜੀਵਣ ਦੀ ਵੀ ਟੁੱਟ ਜਾਵੇਗੀ ਲੜੀ ।

**ਮਰਦ ਸੂਤਰਧਾਰ:** ਜਿਨੀ ਆਕਸੀਜਨ ਸਾਨੂੰ ਪੌਦਿਆਂ ਤੋਂ ਮਿਲਦੀ ਹੈ ਉਸਦਾ ਵੀ ਮੁੱਲ ਚਾਂਦੀ ਦੇ ਦਮੜੇ ਨਹੀਂ ਸਲਦੇ ਪਾ !

**ਔਰਤ ਸੂਤਰਧਾਰ:** ਹਾਂ ਸਹੀ ਫਰਮਾਇਆ ਪ੍ਰਭਾ ! ਵਿਕਾਸ ਬੇਸ਼ੱਕ ਨਿਰੰਤਰ ਪ੍ਰਕਿਰਿਆ ਹੈ ਪਰ ਸਾਨੂੰ ਵਿਕਾਸ ਤੇ ਵਿਨਾਸ ਵਿੱਚ ਅੰਤਰ ਕਰਨਾ ਸਿੱਖਣਾ ਪਵੇਗਾ ।

**ਮਰਦ ਸੂਤਰਧਾਰ:** ਅਸੀਂ ਕੁਦਰਤ ਨੂੰ ਪੈਸੇ ਦੇ ਤਰਾਜੂ ਵਿੱਚ ਨਹੀਂ ਤੋਲ ਸਕਦੇ ।ਜੇ ਅਸੀਂ ਕੁਦਰਤ ਦਾ ਸੰਤੁਲਨ ਚਾਰ ਚਾਂਦੀ ਦੇ ਸਿੱਕਿਆਂ ਦੀ ਚਮਕ ਦਮਕ ਵਿੱਚ ਖਤਮ ਕਰ ਦਿੱਤਾ ਤਾਂ ਫਿਰ ਸਾਡੀ ਹੋਂਦ ਵੀ ਨਹੀਂ ਰਹੇਗੀ ਸੁਰੱਖਿਅਤ !

**ਔਰਤ ਸੂਤਰਧਾਰ:** ਬੱਸ ਸਮਝ ਲਈਏ ਸਾਰੇ ! ਨਹੀਂ ਤਾਂ ਕੁਦਰਤ ਵਿਖਾਏਗੀ ਆਪਣਾ ਰੌਦਰ ਰੂਪ ! ਪ੍ਰਲੋ ! ਮਹਾ ਪ੍ਰਲੋ ! ਮੁੜ ਨਵੀਂ ਰਚਨਾ , ਪਰ ਤਦ ਅਸੀਂ ਨਹੀਂ ਹੋਵਾਂਗੇ ਉਸਨੂੰ ਵੇਖਣ ਦੇ ਲਈ !

**ਮਰਦ ਸੂਤਰਧਾਰ:** ਅਸੀਂ ਕੁਦਰਤੀ ਤੰਤਰ ਦੇ ਤਾਣੇ ਬਾਣੇ ਦਾ ਮੁਲ ਪਾਉਣ ਦੇ ਨਾਲ ਨਾਲ ਧਰਤੀ ਦਾ ਚਿਹਰਾ ਮੁਹਰਾ ਵੀ ਤੇ ਇਸਦੀ ਵਰਤੋਂ ਵੀ ਬਦਲ ਦਿੱਤੀ ।

**ਔਰਤ ਸੂਤਰਧਾਰ:** ਮਨੁੱਖੀ ਵਰਤੋਂ ਦੇ ਨਾਮ ਤੇ ਧਰਤੀ ਦੇ ਪ੍ਰਬੰਧ ਦੇ ਅਮਲਾਂ ਵਿੱਚ ਵੀ ਲਿਆ ਦਿੱਤਾ ਵੱਡਾ ਫੇਰ ਬਦਲ ! ਬਦਲ ਦਿੱਤਾ ਸਾਰਾ ਕੁੱਝ ਵਿਕਾਸ ਦੇ ਨਾਮ ‘ਤੇ , ਮਨੁਖੀ ਲੋੜ ਦੇ ਨਾਮ ‘ਤੇ !

**ਮਰਦ ਸੂਤਰਧਾਰ:** ਵੱਢ ਦਿੱਤੇ ਤਪਤ-ਖੰਡੀ ਜੰਗਲ, ਧਰਤੀ ਦੀ ਹਿੱਕ ਕਰਕੇ ਨੰਗੀ ਸੁਰੂ ਕਰ ਦਿੱਤੀ ਅਸੀ ਗੁਜਾਰੇ ਵਾਲੀ ਖੇਤੀ !

**ਔਰਤ ਸੂਤਰਧਾਰ:** ਖੇਤੀ ਵਾਲੀ ਜ਼ਮੀਨ ਤੋਂ ਵੱਧ ਝਾੜ ਲੈਣ ਵਾਸਤੇ ਜਾ ਫਿਰ ਸ਼ਹਿਰੀ ਬਸਤੀਆਂ ਅਤੇ ਨਗਰ ਵਸਾਉਣ ਦੇ ਵਾਸਤੇ ਬਦਲ ਦਿੱਤੀ ਇਹ ਧਰਤੀ ਅਸੀਂ , ਵਿਕਾਸ ਦੇ ਨਾਮ ਤੇ !

**ਮਰਦ ਸੂਤਰਧਾਰ:** ਇਨਸਾਨ ਬਦਲ ਰਹੇ ਨੇ ਧਰਤੀ ਦਾ ਚਿਹਰਾ - ਮੁਹਰਾ, ਬਦਲਾਅ ਦੇ ਇਹ ਅਮਲ ਰਖਦੇ ਨੇ ਵਖਰੇਵਾਂ ਸੰਸਾਰ ਭਰ ਵਿੱਚ ਵੀ ਤੇ ਭਾਰਤ ਵਿੱਚ ਵੀ ਥਾਂ -ਥਾਂ ‘ਤੇ !

**ਔਰਤ ਸੂਤਰਧਾਰ:** ਵਖਰੇਵੇਂ ਭਾਵੇਂ ਕਿੰਨੇ ਵੀ ਹੋਣ ਪਰ ਹਰ ਥਾਂ ‘ਤੇ ਅੰਤਮ ਸਿੱਟਾ ਤਾਂ ਹੈ ਇੱਕੋ ਜਿਹਾ ਹੀ !

**ਮਰਦ ਸੂਤਰਧਾਰ:** ਹਾਂ ਸਿੱਟਾ ਤਾਂ ਇੱਕੋ ਜਿਹਾ ਹੋਣਾ ਹੀ ਸੀ ਕਿਉਂ ਜੋ ਉਦੇਸ਼ ਤਾਂ ਸੱਭ ਥਾਂ ਇੱਕੋ ਹੀ ਸੀ, ਪੈਦਾ ਕਰਨ ਦਾ ਭੋਜਨ ਪਦਾਰਥ , ਰੇਸ਼ੇ ਤੇ ਹੋਰ ਕੁਦਰਤੀ ਸ੍ਰੋਤ ਮਨੁੱਖ ਦੀ ਤੁਰਤ -ਫੁਰਤ ਦੀ ਵਰਤੋਂ ਦੇ ਲਈ !

**ਔਰਤ ਸੂਤਰਧਾਰ:** ਹਾਂ ਜੀ ਵਸੋਂ ਦੇ ਵਾਧੇ ਦੇ ਨਾਮ ਤੇ ਕੁਦਰਤ ਵਿਰੋਧੀ ਵਿਕਾਸ ਦੇ ਮਾਡਲ ਨੇ ਸੀਮਤ ਕੁਦਰਤੀ ਸ੍ਰੋਤਾਂ ਦਾ ਕਰ ਦਿੱਤਾ ਹੈ ਹੱਦੋਂ ਵੱਧ ਦੋਹਣ ਤੇ ਜਿਸ ਕਰਕੇ ਬਰਬਾਦ ਹੋ ਗਈ ਹੈ ਧਰਤੀ !

**ਮਰਦ ਸੂਤਰਧਾਰ:** ਹਾਂ ਜੀ! ਘਟਾ ਦਿੱਤੀ ਹੈ ਗੁਣਵਤਾ ਜ਼ਮੀਨ ਦੀ ਇਨ੍ਹਾਂ ਗਤੀਵਿਧੀਆਂ ਨੇ !

**ਔਰਤ ਸੂਤਰਧਾਰ:** ਪੈਦਾ ਕਰ ਦਿੱਤਾ ਹੈ ਸੰਕਟ ਬੇਹੱਦ ਗੰਭੀਰ ਇਸ ਦੋਹਣ ਨੇ ਖੇਤੀ ਦੇ ਖੇਤਰ ਵਿੱਚ !

**ਮਰਦ ਸੂਤਰਧਾਰ:** ਲਗਾਤਾਰ ਘੱਟਦੀ ਜਾ ਰਹੀ ਹੈ ਉਪਜ ਵੀ ਤੇ ਆਮਦਨ ਵੀ ਕਿਸਾਨੀ ਦੀ !

**ਔਰਤ ਸੂਤਰਧਾਰ:** ਲੈ ਲਈਆਂ ਅਨੇਕਾਂ ਜਾਨਾਂ ਕਿਸਾਨੀ ਦੇ ਇਸ ਸੰਕਟ ਨੇ , ਪੈ ਗਏ ਨੇ ਖ਼ੁਦਕਸ਼ੀਆਂ ਦੇ ਰਾਹ ਸਾਡੇ ਅੰਨਦਾਤਾ !

**ਮਰਦ ਸੂਤਰਧਾਰ:** ਕਰੋੜਾਂ ਦੀ ਜਨਤਾ ਦਾ ਪੇਟ ਭਰਨ ਵਾਲਾ ਖੁਦ ਮਰ ਰਿਹਾ ਹੈ ਭੁੱਖਾ , ਕਰਦਾ ਹੈ ਦੁੱਧ ਪੈਦਾ ਮਰ-ਮਰ ਕੇ ਪਰ ਪੀਂਦਾ ਹੈ ਉਸਨੂੰ ਕੋਈ ਹੋਰ !

**ਔਰਤ ਸੂਤਰਧਾਰ:** ਨਸੀਬ ਨਹੀਂ ਹੁੰਦਾ ਹੁਣ ਤਾਂ ਬਾਲਾਂ ਨੂੰ ਤੇ ਬਿਮਾਰਾਂ ਨੂੰ ਵੀ !

**ਮਰਦ ਸੂਤਰਧਾਰ:** ਸੰਕਟ ਦੇ ਹੱਲ ਲਈ ਕੀਤੇ ਸਰਕਾਰਾਂ ਦੇ ਣਤਨ ਅਜੇ ਤਾਂ ਕੋਈ ਨਹੀਂ ਲਿਆ ਸਕੇ ਮੋੜਾ !

**ਔਰਤ ਸੂਤਰਧਾਰ:** ਕੋਈ ਨਹੀਂ ਪੈਣਾ ਮੋੜਾ ਜਦ ਤੱਕ ਅਸੀਂ ਰੁਖ ਨਹੀਂ ਕਰਦੇ ਕੁਦਰਤ ਨਾਲ ਇਕਸੁਰਤਾ ਵਾਲੀ ਖੇਤੀ ਦੇ ਮਾਡਲ ਵੱਲ !

**ਮਰਦ ਸੂਤਰਧਾਰ:** ਪਰ ਖੇਤੀ ਯੋਗ ਭੂਮੀ ਨੂੰ ਬਦਲਿਆ ਜਾ ਰਿਹਾ ਹੈ ਤੇਜੀ ਨਾਲ ਗੈਰ ਖੇਤੀਯੋਗ ਭੂਮੀ ਦੇ ਵਿੱਚ ! ਕਿਵੇਂ ਹੋਵੇਗਾ ਬਚਾਅ ?

**ਔਰਤ ਸੂਤਰਧਾਰ:** ਜੰਗਲਾਂ ਬੇਲਿਆਂ ਦੇ ਵਢਾਂਗੇ ਨੇ ਤਾਂ ਪੈਦਾ ਕਰ ਦਿੱਤਾ ਹੈ ਟਕਰਾ ਮਨੁੱਖਾਂ ਤੇ ਜੰਗਲੀ ਜਾਨਵਰਾਂ ਦੇ ਦਰਮਿਆਨ।

**ਮਰਦ ਸੂਤਰਧਾਰ:** ਕਰ ਰਹੇ ਨੇ ਰੋਝ ( ਨੀਲ ਗਊਆਂ ) ਖੇਤੀ ਦਾ ਉਜਾੜਾ ਤੇ ਵਧਾ ਰਹੇ ਨੇ ਕਿਸਾਨੀ ਦੇ ਸੰਕਟ ਨੂੰ ਵੀ !

**ਔਰਤ ਸੂਤਰਧਾਰ:** ਨਾਲੇ ਹੁਣ ਤਾਂ ਕੀਟ ਨਾਸ਼ਕਾਂ, ਨਦੀਨ ਨਾਸ਼ਕਾਂ ਤੇ ਫਾਰਮੀ ਰੇਹਾਂ ਨੇ ਮਾਰ ਮੁਕਾਈ ਹੈ ਸਾਡੀ ਮਿੱਟੀ ਵੀ! ਮਰ ਗਏ ਨੇ ਮਿੱਤਰ ਕੀਟ ਪਤੰਗ ਤੇ ਸੂਖਮ ਜੀਵੀ ਰਾਖੇ ਸਨ ਜੋ ਸਾਡੀਆਂ ਫਸਲਾਂ ਦੇ ਕੁਦਰਤੀ ਤੌਰ ‘ਤੇ !

**ਮਰਦ ਸੂਤਰਧਾਰ:** ਪਰ ਅਜੇ ਵੀ ਅਸੀਂ ਕੱਟ ਸਕਦੇ ਹਾਂ ਮੋੜਾ , ਸਰਕਾਰ ਵੀ ਕਰੇ ਇਸ ਪਾਸੇ ਵੱਲ ਧਿਆਨ !

**ਔਰਤ ਸੂਤਰਧਾਰ:** ਹਾਂ ਕਿਉਂ ਨਹੀਂ ! ਅਜੇ ਵੀ ਹੈ ਉਮੀਦ ਦੀ ਕਿਰਨ ! ਕਰ ਲਓ ਗਰਾਮ ਸਭਾਵਾਂ ਦੇ ਇਕੱਠ ਪਿੰਡ ਪਿੰਡ , ਬਣਵਾ ਲਓ ਮਗਨਰੇਗਾ ਦੇ ਜੌਬ ਕਾਰਡ !

**ਮਰਦ ਸੂਤਰਧਾਰ:** ਹਾਂ ਹੁਣ ਤਾਂ ਪੰਜ ਏਕੜ ਤੱਕ ਦੀ ਜਮੀਨ ਮਾਲਕੀ ਵਾਲੇ ਜਾਂ ਠੇਕੇ ‘ਤੇ ਪੰਜ ਏਕੜ ਤੱਕ ਜਮੀਨ ਲੈ ਕੇ ਖੇਤੀ ਕਰਨ ਵਾਲੇ ਵੀ ਆਪਣੇ ਹੀ ਖੇਤ ਵਿੱਚ ਕੰਮ ਕਰਕੇ ਲੈ ਸਕਦੇ ਨੇ ਮਗਨਰੇਗਾ ਦੀ ਦਿਹਾੜੀ ।

**ਔਰਤ ਸੂਤਰਧਾਰ:** ਆਹੋ ਜੀ ! ਪਿੰਡਾਂ ਦਿਆਂ ਸਾਂਝੀਆਂ ਥਾਵਾਂ ਤੇ ਮਗਨਰੇਗਾ ਰਾਹੀਂ ਲਵਾਓ ਫਲਦਾਰ ਰੁੱਖ ਇਸੇ ਪੈਸੇ ਨਾਲ ਕਰੋ ਉਨ੍ਹਾਂ ਦੀ ਸੰਭਾਲ ! ਨਾਲੇ ਪਾਓ ਰੁਜਗਾਰ ਨਾਲੇ ਫਲਾਂ ਦਾ ਪੌਸ਼ਟਿੱਕ ਆਹਾਰ !

…………**ਦ੍ਰਿਸ਼ ਬਦਲਾਅ ਸੰਗੀਤ** …………

**ਦ੍ਰਿਸ਼ -2**

ਘਰ ਵਿੱਚ ਬੈਠੇ ਘਰ ਦੇ ਜੀਅ …… ਮਰਦ ਸੂਤਰਧਾਰ ਮੰਗਦਾ ਹੈ ਪਾਣੀ !

**ਮਰਦ ਸੂਤਰਧਾਰ:** ਲੈ ਬਈ ਭਾਗਮਾਨੇ ! ਅੱਜ ਤਾਂ ਗਰਮੀ ਨੇ ਕੱਢ ਦਿੱਤੇ ਨੇ ਵੱਟ ! ਬੱਸ ਫਟਾ ਫਟਾ ਪਿਲਾ ਦੇ ਠੰਢੇ ਸੀਤ ਪਾਣੀ ਦਾ ਇੱਕ ਗਲਾਸ !

**ਔਰਤ ਸੂਤਰਧਾਰ:** ਪਾਣੀ ਤਾਂ ਪਿਲਾ ਦਿੰਦੀ ਹਾਂ , ਪਰ ਇਹ ਤਾਂ ਕਹਿਰ ਹੀ ਵਰਤ ਗਿਆ ! ਦਿਨ ਬਦਿਨ ਗਰਮੀ ਵੱਧ ਰਹੀ ਹੈ ਅੱਗ ਬਰਸ ਰਹੀ ਹੈ ! ਪਿੰਡਾ ਜਲ ਰਿਹਾ ਹੈ !

**ਮਰਦ ਸੂਤਰਧਾਰ:** ਬਈ ਭਾਗਮਾਨੇ ਗਰਮੀ ਤਾਂ ਹੁਣ ਹਰ ਸਾਲ ਵੱਧਣੀ ਹੀ ਹੈ ! ਵੇਖਿਆ ਨਹੀਂ ਕਿ ਨਵੰਬਰ ਵਿੱਚ ਵੀ ਨਹੀਂ ਸੀ ਹੋਈ ਠੰਢ । ਪੋਹ ਮਾਘ ਦੇ ਉਹ ਪਾਲੇ ਹੁਣ ਨਹੀਂ ਰਹੇ !

**ਔਰਤ ਸੂਤਰਧਾਰ:** ਪਰ ਕਿਉਂ ਹੋ ਰਿਹਾ ਹੈ ਅਜਿਹਾ ?

**ਮਰਦ ਸੂਤਰਧਾਰ:** ਨਤੀਜਾ ਹੈ ਇਹ ਤਾਂ ਕੁਦਰਤ ਦੀ ਕ੍ਰੋਪੀ ਦਾ ! ਬੰਦੇ ਦੀਆਂ ਮਨ ਮਾਨੀਆਂ ਕਰਕੇ !

**ਔਰਤ ਸੂਤਰਧਾਰ:** ਹੈਂ ! ਕੁਦਰਤ ਦੀ ਕ੍ਰੋਪੀ ? ਬੰਦੇ ਦੀਆਂ ਮਨ-ਮਾਨੀਆਂ ?

**ਮਰਦ ਸੂਤਰਧਾਰ:** ਹਾਂ ! ਜਦ ਅਸੀਂ ਬਾਲ ਬਾਲ ਕੇ ਪਥਰਾਹਟੀ ਬਾਲਣ , ਵਰਤ ਵਰਤ ਕੇ ਏ ਸੀ ਕਾਰਾਂ , ਏ ਸੀ ਕਮਰੇ, ਛੱਡੀ ਜਾ ਰਹੇ ਹਾਂ ਹਰਿਤ ਗਰ ਗੈਸਾਂ ਤਾਂ ਫਿਰ ਧਰਤੀ ਵਿਚਾਰੀ ਕੀ ਕਰੇ ? ਜਿੰਨੀ ਗਰਮੀ ਆਈ ਵਾਪਸ ਨਹੀਂ ਸਕਦੀ ਜਾ ! ਇਸ ਕਰਕੇ ਇਸਨੇ ਗਰਮ ਤਾਂ ਹੋਣਾ ਹੀ ਐ !

**ਔਰਤ ਸੂਤਰਧਾਰ:** ਅੱਛਾ ! ਤਾਂ ਤੁਸੀਂ ਗੱਲ ਕਰ ਰਹੇ ਓ ਜਲਵਾਯੂ ਬਦਲਾਅ ਕਰਕੇ ਪੈਦਾ ਹੋ ਰਹੀ ਆਲਮੀ ਤਪਸ ਦੀ !

**ਮਰਦ ਸੂਤਰਧਾਰ:** ਵਾਹ ਭਾਗਮਾਨੇ ! ਮੰਨ ਗਏ ਤੈਨੂੰ ਵੀ ! ਗੱਲ ਤਾਂ ਫਟਾ ਫਟ ਲਈ ਤੈਂ ਪਕੜ ! ਪਰ......!

**ਔਰਤ ਸੂਤਰਧਾਰ:** ਪਰ ! ਪਰ ਕੀ ?

**ਮਰਦ ਸੂਤਰਧਾਰ:** ਬੱਸ ਇਸ ਬੇਮੌਸਮੀ ਤਪਸ ਨਾਲ ਗਰਮੀ ਸੁਰੂ ਹੋ ਜਾਂਦੀ ਹੈ ਫਰਬਰੀ ਵਿੱਚ ਹੀ , ਦਾਣਾ ਰਹਿ ਜਾਂਦਾ ਹੈ ਮਾਜੂ ! ਘਟ ਜਾਂਦਾ ਹੈ ਝਾੜ ਕਣਕ ਦਾ !

**ਔਰਤ ਸੂਤਰਧਾਰ:** ਹਾਂ ਜੀ ! ਇਸ ਗਰਮੀ ਕਰਕੇ ਫਸਲ ਪੱਕਣ ਵੇਲੇ ਆ ਜਾਂਦੇ ਨੇ ਹਨੇਰੀ ਤੇ ਮੀਂਹ ! ਪੱਕਣ ਤੇ ਆਈ ਕਣਕ ਜਾਂਦੀ ਹੈ ਬਿਛ ! ਬੱਸ 'ਅਚਿੰਤੇ ਬਾਜ ਪਏ' ਵਾਲੀ ਗੱਲ ਹੋ ਜਾਂਦੀ ਹੈ ! ਪੂਰੀ ਹੋ ਜਾਂਦੀ ਹੈ ਰਹਿੰਦੀ ਸਹਿੰਦੀ ਕਸਰ ਵੀ !

**ਮਰਦ ਸੂਤਰਧਾਰ:**ਹਾਂ ! ਬੱਸ ਟੁੱਟ ਜਾਂਦੀ ਕਮਰ ਕਿਸਾਨ ਤੇ ਮਜਦੂਰ ਦੀ ! ਘਟ ਜਾਦੀ ਹੈ ਰੋਜੀ ਰੋਟੀ ਦੀ ਉਮੀਦ ਖੇਤੀ ਤੇ ਨਿਰਭਰ ਹੋਰ ਧੰਦਿਆਂ ਵਾਲਿਆਂ ਨੂੰ ਵੀ !

**ਔਰਤ ਸੂਤਰਧਾਰ:** ਹਾਂ ਜੀ! ਤਾਂ ਹੀ ਤਾਂ ਉਹ ਕਵਿਤਾ ਹੈ ... ਕੀ... ਕੀ...? ਚੇਤਾ ਹੀ ਭੁੱਲ ਗਿਆ !

**ਮਰਦ ਸੂਤਰਧਾਰ:**"ਪੱਕੀ ਖੇਤੀ ਵੇਖ ਕੇ ਗਰਬ ਕਰੇ ਕਿਰਸਾਨ, ਵਾਓਂ, ਝੱਖੜ, ਝੋਲਿਓਂ, ਘਰ ਆਵੇ ਤਾਂ ਜਾਣ"!

**ਔਰਤ ਸੂਤਰਧਾਰ:** ਆਹੋ ਜੀ ! ਗਰਬ ਕਾਹਦਾ ? ਇਨ੍ਹਾਂ ਹਨੇਰਿਆਂ ਤੇ ਝੱਖੜਾਂ ਨਾਲ ਤਾਂ ਫਲਦਾਰ ਬੂਟਿਆਂ ਦਾ ਬੂਰ ਹੀ ਝੜ ਜਾਂ ਦਾ ਹੈ ਤੇ ਬੱਸ ਹੋ ਜਾਂਦਾ ਹੈ ਕਬਾੜਾ ਉਨ੍ਹਾਂ ਦਾ ਵੀ !

**ਮਰਦ ਸੂਤਰਧਾਰ:** ਆਲਮੀ ਤਪਸ ਨਾਲ ਪਿਘਲ ਰਹੇ ਨੇ ਗਲੇਸੀਅਰ ਵੀ ! ਹੜ੍ਹ ਜਾਣਗੇ ਆ ! , ਸਮੁੰਦਰ ਜਾਵੇਗਾ ਚੜ੍ਹ ! ਹੋ ਜਾਣਗੇ ਜਲ ਮਗਨ ! ਬਹੁਤ ਸਾਰੇ ਟਾਪੂ ਤੇ ਤਟੀ ਖੇਤਰ ਦੇ ਇਲਾਕੇ ਵੀ !

**ਔਰਤ ਸੂਤਰਧਾਰ:** ਤਾਪਮਾਨ ਦੇ ਵੱਧਣ ਨਾਲ ਤਾਂ ਸਮੁੰਦਰਾਂ ਦਾ ਪਾਣੀ ਫੈਲ ਕੇ ਵੀ ਤਾਂ ਉਚਾ ਉਠਦਾ ਹੀ ਹੋਵੇਗਾ ?

**ਮਰਦ ਸੂਤਰਧਾਰ:** ਹਾਂ ਹੁੰਦੀ ਹੈ ਥਰਮਲ ਐਕਸਪੈਂਸ਼ਨ ਵੀ ! ਪਰ ਵੱਡੀ ਗੱਲ ਹੈ ਕਿ ਗਲੇਸ਼ੀਅਰ ਪਿਘਲ ਜਾਣ ਤੇ ਪਹਿਲਾਂ ਆਉਣਗੇ ਹੜ੍ਹ ਤੇ ਫਿਰ ਸੁੱਕ ਜਾਣਗੇ ਸਾਡੇ ਦਰਿਆ ਵੀ !

**ਔਰਤ ਸੂਤਰਧਾਰ:** ਹਾਂ ਸੱਚ ! ਇਹ ਤਾਂ ਸੋਚਿਆ ਹੀ ਨਹੀਂ ਸੀ ਕਿ ਜਦ ਬਰਫ ਹੀ ਨਾ ਰਹੀ ਤਾਂ ਦਰਿਆਵਾਂ ਵਿੱਚ ਨਿਰਮਲ ਜਲ ਕਿੱਥੋਂ ?

**ਮਰਦ ਸੂਤਰਧਾਰ:** ਬੱਸ ! ਇਹੀ ਗੱਲ ਹੈ ਸਮਝਣ ਵਾਲੀ ਕਿ ਹਰ ਗੱਲ ਦੀ ਬਹੁਲਤਾ ਵੀ ਮਾੜੀ ਤੇ ਥੁੜ ਵੀ ਮਾੜੀ !

**ਔਰਤ ਸੂਤਰਧਾਰ:** ਆਹੋ ਜੀ ! ਸਹੀ ਹੀ ਕਹਿੰਦੇ ਨੇ 'ਅੱਤ ਨਾ ਬਹੁਤਾ ਬਰਸਣਾ ਅੱਤ ਨਾ ਬਹੁਤੀ ਧੁੱਪ' !

**ਮਰਦ ਸੂਤਰਧਾਰ:** ਹਾਂ ! ਬੱਸ ਇਹੋ ਗੱਲ ਇੰਨ ਬਿੰਨ ਹਰਿਤ ਘਰ ਪ੍ਰਭਾਵ 'ਤੇ ਲਾਗੂ ਹੁੰਦੀ ਹੈ ! ਇਸ ਪ੍ਰਭਾਵ ਕਾਰਨ ਧਰਤੀ ਦਾ ਤਾਪਮਾਨ 15 ਡਿਗਰੀ ਸੈਲਸੀਅਸ ਬਣਿਆ ਰਹਿੰਦਾ ਹੈ । ਜੇ ਇਹ ਨਾ ਹੁੰਦਾ ਤਾਂ ਧਰਤੀ ਹੁੰਦੀ ਸੀਤ ਠੰਢੀ-ਯੱਖ ! ਕੋਈ ਨਹੀਂ ਸੀ ਹੋਣੇ ਜੀਵ ਜੰਤੂ ਜਾ ਬਨਸਪਤੀ !

**ਔਰਤ ਸੂਤਰਧਾਰ:** ਪਰ ਜੇ ਜਾਵੇ ਹੋ ਬੇਹੱਦ ਜਿਆਦਾ ਇਹ ਪ੍ਰਭਾਵ ?

**ਮਰਦ ਸੂਤਰਧਾਰ:** ਬੱਸ ਫਿਰ ਤਾਪਮਾਨ ਬਰਦਾਸਤ ਤੋਂ ਬਾਹਰ ਤੇ ਸੜ ਭੁਜ ਜਾਵੇਗਾ ਬਹੁਤ ਕੁੱਝ ! ਆਉਂਦੇ ਰਹਿਣਗੇ ਅਲਨੀਨੋ ਤੇ ਲਾ-ਨੀਨਾ !

**ਔਰਤ ਸੂਤਰਧਾਰ:** ਹਾਂ ਜੀ ! ਪਰਿਆਵਰਣ ਤਬਦੀਲੀ ਤਾਂ ਸੰਸਾਰ ਵਿਆਪੀ ਵਰਤਾਰਾ ਹੈ । ਕੋਈ ਹਦਾ ਬੰਨੇ ਤਾਂ ਇਸ ਉਪਰ ਲਾਗੂ ਨਹੀਂ ਹੁੰਦੇ । ਇਸ ਉਪਰ ਕਾਬੂ ਪਾਉਣ ਵਾਸਤੇ ਵੀ ਸੱਭ ਦੇ ਸਾਂਝੇ ਯਤਨਾਂ ਦੀ ਹੀ ਲੋੜ ਹੈ ।

**ਮਰਦ ਸੂਤਰਧਾਰ:** ਇਸ ਲਈ ਵਿਸ਼ਵ ਪੱਧਰ 'ਤੇ ਹੀ ਕਾਰਬਨਡਾਈਅਕਸਾਈਡ, ਮੀਥੇਨ , ਨਾਈਟਰਸ ਅਕਸਾਈਡ, ਓਜ਼ੋਨ, ਕਲੋਰੋਫਲੋਰੋਕਾਰਬਨ, ਹਾਈਡਰੋਫਲੋਰੋਕਾਰਬਨ, ਪਰਫਲੋਰੋਕਾਰਬਨ ਤੇ ਜਲ ਵਾਸ਼ਪ ਵਰਗੀਆਂ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ 'ਤੇ ਕਾਬੂ ਪਾਉਣਾ ਪਵੇਗਾ !

**ਔਰਤ ਸੂਤਰਧਾਰ:** ਹਾਂ ! ਇਸ ਵਾਸਤੇ ਸਾਨੂੰ ਬਦਲਣੀ ਪਵੇਗੀ ਤਰਜੇ ਜਿੰਦਗੀ ! ਕਰਨੇ ਪੈਣਗੇ ਨਵਿਆਉਣਯੋਗ ਊਰਜਾ ਦੇ ਪ੍ਰਬੰਧ !

**ਮਰਦ ਸੂਤਰਧਾਰ:** ਅਜੇ ਤਾਂ ਰਵਾਇਤੀ ਊਰਜਾ ਹੀ ਵੱਧ ਰਹੀ ਹੈ ਤੇ ਨਿਜੀ ਵਾਹਣਾ ਦੀ ਗਿਣਤੀ ਤੇ ਆਕਾਰ ਵੱਧਣ ਕਰਕੇ ਪਥਰਾਹਟੀ ਬਾਲਣ ਦੀ ਖਪਤ ਵੱਧ ਰਹੀ ਹੈ ।

**ਔਰਤ ਸੂਤਰਧਾਰ:** ਪਰ ਇਸਦੇ ਨਾਲ ਹੀ ਸੰਸਾਰ ਭੱਰ ਵਿੱਚ ਪਰਿਆਵਰਣ ਬਦਲਾਅ ਦੀਆਂ ਪੇਸ਼ਬੰਦੀਆਂ ਵਾਸਤੇ ਵੀ ਤਾਂ ਹੋਏ ਨੇ ਯਤਨ ! ਸਾਲ 1992 ਵਿੱਚ ਰੀਓ ਡੀ ਜੇਨੀਰੋ ਵਿਖੇ ਹੋਇਆ ਸੀ ਧਰਤ ਸਮੇਲਨ । ਆਏ ਸਨ 40,000 ਪ੍ਰਤੀਨਿਧੀ 150 ਦੇਸਾਂ ਦੇ ।

**ਮਰਦ ਸੂਤਰਧਾਰ:** ਇਸ ਉਪਰੰਤ ਸੰਸਾਰ ਦੇ 197 ਦੇਸਾਂ ਨੇ ਸ਼ਾਮਲ ਹੋ ਕੇ ਕੀਤਾ ਸੰਯੁਕਤ ਰਾਸਟਰ ਜਲਵਾਯੂ ਬਦਲਾਅ ਚੌਖਟਾ ਸੰਮੇਲਨ ( United Nations Framework Convention on Climate Change or UNFCC) ਇਹ ਮਾਰਚ 1994 ਵਿੱਚ ਲਾਗੂ ਹੋ ਗਈ ।

**ਔਰਤ ਸੂਤਰਧਾਰ:** ਇਸ ਵਿੱਚ ਜੋਰ ਸੀ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਨੂੰ ਘੱਟ ਕਰਨਾ ।

**ਮਰਦ ਸੂਤਰਧਾਰ:** ਇਸ ਉਪਰੰਤ ਕੋਇਟੋ ਪਰੋਟੋਕੋਲ ਯਾਣੀ ਕੋਇਟੋ ਮਰਿਆਦਾਵਲੀ 1997 ਵਿੱਚ ਅੰਤਰਰਾਸਟਰੀ ਪੱਧਰ ਤੇ ਇਸੇ ਮਕਸਦ ਵਾਸਤੇ ਬਣੀ ।

**ਔਰਤ ਸੂਤਰਧਾਰ:** ਹਾਂ ਜੀ ! ਇਸ ਦਿਸ਼ਾ ਵਿੱਚ ਕਈ ਕੰਮ ਹੋ ਰਹੇ ਨੇ ! ਨਵੰਬਰ 2015 ਵਿੱਚ ਪੈਰਿਸ ਵਿਖੇ ਪਾਰਟੀਆਂ ਦੇ ਸਮੇਲਨ ( ਕਾਨਫਰੈਂਸ ਆਫ ਪਾਰਟੀਜ਼ ਵਿੱਚ ਵੀ ਅਸੀਂ ਅੱਗੇ ਵਧੇ ਹਾਂ ਤੇ ਅਹਿਦ ਕੀਤਾ ਹੈ ਕਿ ਧਰਤੀ ਦਾ ਤਾਪਮਾਨ 1.5 ਡਿਗਰੀ ਸੈਲਸੀਅਸ ਤੋਂ ਜਿਆਦਾ ਨਾ ਵਧਣ ਦਿੱਤਾ ਜਾਵੇ !

**ਮਰਦ ਸੂਤਰਧਾਰ:** ਹਾਂ ਜੀ ਦੁਨੀਆ ਦੇ ਬਹੁਤੇ ਦੇਸ ਪੈਰਸ ਸਮਝੌਤੇ ਤੇ ਸਹਿਮਤ ਹਨ ! ਪਰ ਅਮਰੀਕਾ ਨੇ ਆਪਣੇ ਆਪ ਨੂੰ ਇਸ ਵਿੱਚੋਂ ਬਾਹਰ ਕੱਢ ਲਿਆ ਹੈ ।

**ਔਰਤ ਸੂਤਰਧਾਰ:** ਵੈਸੇ 1987 ਦੀ ਮਾਂਟਰੀਅਲ ਪ੍ਰੋਟੋਕਾਲ ਨੂੰ ਅਸੀਂ ਸੱਭ ਤੋਂ ਪਹਿਲ਼ਾਂ ਪੂਰਾ ਕਰ ਲਿਆ ।

**ਮਰਦ ਸੂਤਰਧਾਰ:** ਹੁਣ ਤਾਂ ਅਸੀਂ ਨਵਿਆਉਣਯੋਗ ਊਰਜਾ ਸ੍ਰੋਤ ਵਧਾ ਕੇ ਐਲ ਈਡੀ ਆਦਿ ਵਰਤ ਕੇ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਵਿਚ ਕਮੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ !

**ਔਰਤ ਸੂਤਰਧਾਰ:** ਸੂਰਜੀ ਊਰਜਾ ਤੇ ਪੌਣ ਊਰਜਾ ਸਾਫ਼, ਨਵਿਆਉਣਯੋਗ ਊਰਜਾ ਹੈ... ਬਾਇਓਮਾਸ, ਗੋਬਰ ਤੇ ਕੂੜੇ-ਕਰਕਟ ਤੋਂ ਜਾ ਛੋਟੀਆਂ-ਛੋਟੀਆਂ ਜਲ ਧਰਾਵਾਂ ਤੋਂ ਬਿਜਲੀ ਬਣਾਉਣਾ ਵੀ ਨਵਿਆਉਣਯੋਗ ਸ੍ਰੋਤਾਂ ਵੱਲ ਕਦਮ ਹਨ !

**ਮਰਦ ਸੂਤਰਧਾਰ:** ਭਾਰਤ ਵਿੱਚ 2030 ਤੱਕ ਨਵਿਆਉਣਯੋਗ ਊਰਜਾ ਦਾ ਹਿੱਸਾ ਹੁਣ ਦੇ 17-18 % ਤੋਂ ਵੱਧਾ ਕੇ 40% ਕਰ ਦੇਣਾ ਐ !

**ਔਰਤ ਸੂਤਰਧਾਰ:** ਹਾਂ ! ਟਿਕਾਊ ਵਿਕਾਸ ਵਾਸਤੇ ਸਾਨੂੰ ਇਹ ਕੁਦਰਤ ਵਿਰੋਧੀ ਰਸਤਾ ਤਾਂ ਬਦਲਣਾ ਹੀ ਪਵੇਗਾ ! ਸਾਰੇ ਸੰਸਾਰ ਨੂੰ ਸਮੂਹਿਕ ਯਤਨ ਤਾਂ ਕਰਨੇ ਹੀ ਪੈਣੇ ਨੇ ਇਸ ਧਰਤੀ ਦੀ ਸੁਰੱਖਿਆ ਦੇ ਵਾਸਤੇ !

**ਮਰਦ ਸੂਤਰਧਾਰ:** ਪਹਾੜਾਂ ਦੇ ਵੀ ਪ੍ਰਸਿਥਿਤਿਕ ਤੰਤਰ 'ਤੇ ਹੋ ਰਿਹਾ ਹੈ ਹਮਲਾ !

**ਔਰਤ ਸੂਤਰਧਾਰ:** ਹਾਂ ! ਪਰ ਹੋ ਤਾਂ ਉਹ ਵੀ ਰਿਹਾ ਹੈ ਵਿਕਾਸ ਤੇ ਸੈਲਾਨੀਆਂ ਦੀ ਸੁਵਿਧਾ ਦੇ ਨਾਮ 'ਤੇ !

**ਮਰਦ ਸੂਤਰਧਾਰ:** ਰੱਖ ਵੱਢ ਕੇ ਪਹਾੜ ਤੋਂ ਕੇ ਬਣਾਏ ਜਾ ਰਹੇ ਨੇ ਵੱਡੇ ਵੱਡੇ ਬਹੁ ਮੰਜਲੇ ਹੋਟਲ ਤੇ ਵੱਡੀਆਂ ਵੱਡੀਆਂ ਸੜਕਾਂ !

**ਔਰਤ ਸੂਤਰਧਾਰ:** ਇਹੀ ਤਾਂ ਕਰਦੀਆਂ ਨੇ ਨਾਸ ਪਹਾੜਾਂ ਦੇ ਮਨ ਮੋਹਨੇ ਕੁਦਰਤੀ ਤਾਣੇ ਬਾਣੇ ਨੂੰ !

**ਮਰਦ ਸੂਤਰਧਾਰ:** ਦਰਅਸਲ ਇਹੀ ਤਾਣਾ ਬਾਣਾ , ਪੇੜ ਪੌਦੇ , ਜੰਗਲ , ਪਹਾੜ ਤੇ ਪਹਾੜੀ ਜੰਗਲਾਂ ਦੇ ਜੀਵਾਂ ਦਾ ਰੈਣ ਬਸੇਰਾ ਤੇ ਭੋਜਨ ਤੰਤਰ ਜੋ ਕਾਇਮ ਰੱਖ ਰਿਹਾ ਹੈ ਝਰਨਿਆ ਤੇ ਗਲੇਸੀਅਰਾਂ ਨੂੰ ਵੀ !

**ਔਰਤ ਸੂਤਰਧਾਰ:** ਹੁਣ ਸੈਰ ਸਪਾਟੇ ਨੂੰ ਉਸ਼ਾਹਤ ਕਰਨ ਦੇ ਨਾਮ 'ਤੇ ਕੀਤਾ ਜਾ ਰਿਹਾ ਹੈ ਬਰਬਾਦ ਇਨ੍ਹਾਂ ਪਹਾੜਾਂ ਤੇ ਜੰਗਲਾਂ ਨੂੰ ! ਉਥੋਂ ਦੀ ਸਥਾਨਕ ਵਾਤਾਵਰਣੀ ਪ੍ਰਣਾਲੀ ਦੇ ਅਨੁਕੂਲ ਇਨ੍ਹਾ ਲੋਕਾਂ ਦੇ ਜੀਵਣ ਵਿੱਚ ਬਦਲਾਅ ਦੇ ਨਾਲ ਨਾਲ ਸੈਰ ਸਪਾਟੇ ਨੂੰ ਕੀਤਾ ਜਾ ਸਕਦਾ ਹੈ ਪ੍ਰਫੁੱਲਤ !

**ਮਰਦ ਸੂਤਰਧਾਰ:** ਇਹ ਤਾਂ ਭਲੀਏ ਲੋਕੇ ਨਹੀਂ ਹੋਣਾ ਨਿਜੀ ਦੌਲਤ ਜਮ੍ਹਾ ਕਰਨ ਦੀ ਦੌੜ ਵਿੱਚ !

**ਔਰਤ ਸੂਤਰਧਾਰ:** ਵਾਹ ਪ੍ਰਭਾ ਵਾਹ ! ਕਿਹੜੀ ਕਰ ਦਿੱਤੀ ਤੁਸੀਂ ਜੱਗੋਂ ਤੇਰ੍ਹਵੀ ਗੱਲ ! ਕਿਉਂ ਨਹੀਂ ਹੋ ਸਕਦਾ ! ਜਦ ਲੋਕਾਂ ਦੇ ਜਨ ਜੀਵਣ ਨੂੰ ਪ੍ਰਭਾਵਤ ਕਰਕੇ ਮਾਰਨਗੇ ਇਹ ਲਾਲਚੀ ਪਹਾੜਾਂ ਨੂੰ ਤਾਂ ਫਿਰ ਉਠਣਗੇ ਪਹਾੜਾਂ ਦੇ ਉਹੀ ਜਾਏ ਜਾਈਆਂ ਜਿਹੜੇ ਨੇ ਕੀੜੇ ਮਕੌੜੇ ਇਨ੍ਹਾਂ ਧਨਾਡਾਂ ਦੀ ਨਜ਼ਰ ਵਿੱਚ ਤੇ ਕਰਨਗੇ ਰਾਖੀ ਆਪਣੀ ਜੰਮਣ ਭੋਂ ਦੀ ! ਆਪਣੇ ਪਹਾੜਾਂ ਦੀ ! ਨਦੀ ਨਾਲੇ ਤੇ ਝਰਨਿਆਂ ਦੀ ! ਜੰਗਲਾਂ ਤੇ ਵਣ ਜੀਵਣ ਦੀ !

**ਮਰਦ ਸੂਤਰਧਾਰ:** ਹਾਂ ! ਏਕੇ ਨਾਲ ਤਾਂ ਪਹਾੜ ਵੀ ਬਚ ਜਾਣਗੇ ਤੇ ਇਹ ਪਹਾੜੀ ਜੀਵਣ ਦਾ ਤੰਤਰ ਵੀ ! ਨਾਲੇ ਉਚਾ ਹੋ ਸਕਦਾ ਹੈ ਜੀਵਣ ਪੱਧਰ ਵੀ ਕਿਉਂ ਜੋ ਨਿਜੀ ਧਨ ਅਰਜਿਤ ਕਰਨ ਦੀ ਥਾਂ ਨਿਸ਼ਾਨਾ ਹੋਵੇਗਾ ਪਹਾੜੀ ਪ੍ਰਸਿਥਿਤਿਕ ਤੰਤਰ ਦੀ ਸੁਰੱਖਿਆ ਤੇ ਕੁਦਰਤ ਨਾਲ ਇਕਸੁਰਤਾ ਵਾਲਾ ਟਿਕਾਊ ਵਿਕਾਸ !

**ਔਰਤ ਸੂਤਰਧਾਰ:** ਆਹੋ ਜੀ ਰਾਖੀ ਤਾਂ ਕੇਵਲ ਪਹਾੜਾਂ ਵਾਲਿਆਂ ਨੂੰ ਹੀ ਨਹੀਂ ਸਗੋਂ ਸਾਨੂੰ ਸਭ ਨੂੰ ਕਰਨੀ ਪਵੇਗੀ ਇਸ ਵੰਨ - ਸੁਵੰਨਤਾ ਦੀ ! ਭਾਂਤ -ਭਾਂਤ ਦੇ ਜੀਵਣ ਦੀ ! ਨਾ-ਨਾ ਪ੍ਰਕਾਰ ਦੇ ਪੇੜ-ਪੌਦਿਆਂ ਦੀ ਜਾਨਵਰਾਂ ਤੇ ਜਨੌਰਾਂ ਦੀ ਕੀੜੇ ਮਕੌੜੇ ਤੇ ਪਤੰਗਿਆਂ ਦੀ , ਉਲੀਆਂ, ਕਾਈਆਂ ਤੇ ਸੂਖਮ ਜੀਵੀਆਂ ਦੀ !

**ਮਰਦ ਸੂਤਰਧਾਰ:** ਅੱਜ ਸਾਨੂੰ ਪਵੇਗਾ ਸੋਚਨਾ ਕਿ ਕਿਧਰ ਗਈਆਂ ਚਿੜੀਆਂ ? ਕਿਧਰ ਦਈਆਂ ਇਲ੍ਹਾਂ ਤੇ ਗਿਲਝਾਂ ? ਕਿਧਰ ਗਏ ਮਿੱਟੀ ਵਿੱਚ ਫਿਰਦੇ ਲਾਲ-ਲਾਲ ਘੁਮਿਆਰ ? ਕਿਧਰ ਗਏ ਗੰਡੋਏ ?

**ਔਰਤ ਸੂਤਰਧਾਰ:** ਕਿਧਰ ਗਏ ਜੰਡ, ਕਰੀਰ, ਰੇਰੂ ਤੇ ਫਰਮਾਂਹ , ਕਿਥੇ ਨੇ ਸਰਕੜੇ ਝਾੜੀਆਂ ਤੇ ਵਾੜੀ ਕਰੇਲਿਆਂ ਦੀਆਂ ਵੇਲਾਂ ?

**ਮਰਦ ਸੂਤਰਧਾਰ:** ਇਸ ਕੁਦਰਤ ਵਿਰੋਧੀ ਵਿਕਾਸ ਦੀ ਦੌੜ ਵਿੱਚ ਤਾਂ ਅਸੀਂ ਇਹ ਵੀ ਭੁੱਲ ਗਏ ਕਿ ਇਹ ਜੈਵਿਕ ਵੰਨ -ਸੁਵੰਨਤਾ ਹੀ ਬਚਾ ਰੱਖਦੀ ਹੈ ਸਾਡੀਆਂ ਭੋਜਨ ਲੜੀਆਂ ਨੂੰ ! ਵੰਨ ਸੁਵੰਨਤਾ ਖਤਮ ਤਾਂ ਸਮਝੋ ਮਨੁੱਖ ਵੀ ਹੋ ਜਾਵੇਗਾ ਅਲੋਪ !

**ਔਰਤ ਸੂਤਰਧਾਰ:** ਹਾਂ ਜੀ ! ਸਾਡੀਆਂ ਅੱਜ ਦੀਆਂ ਮਸ਼ੀਨਾਂ ਤਾਂ ਉਹ ਕੁੱਝ ਦੇ ਹੀ ਨਹੀਂ ਸਕਦੀਆਂ , ਨਾ ਉਹ ਸਫਾਈ ਕਰ ਸਕਦੀਆਂ ਨੇ ਜਿਹੜਾ ਕੁੱਝ ਇੱਕ ਕੁਦਰਤੀ ਜੈਵਿਕ ਤੇ ਨਿਰਜੀਵ ਤਾਣਾ -ਬਾਣਾ ਕਰ ਰਿਹਾ ਹੈ !

**ਮਰਦ ਸੂਤਰਧਾਰ:** ਹਰ ਸਾਲ 0.01 % ਤੋਂ ਲੈਕੇ 0.1% ਪ੍ਰਜਾਤੀਆਂ ਹੋ ਰਹੀਆਂ ਨੇ ਅਲੋਪ ! ਜੇਕਰ ਧਰਤੀ ਤੇ ਵੀਹ ਲੱਖ ਪ੍ਰਜਾਤੀਆਂ ਵੀ ਹੋਣ ਤਾਂ ਵੀ ਹਰ ਸਾਲ 200 ਤੋਂ 2000 ਅਲੋਪ ਹੋ ਰਹੀਆਂ ਹਨ !

**ਔਰਤ ਸੂਤਰਧਾਰ:** ਪਰ ਹੁਣ ਤਾਂ ਹਰ ਸਾਲ ਇਹ ਗਿਣਤੀ ਹੋਰ ਵੀ ਤੇਜੀ ਨਾਲ ਵਧ ਰਹੀ ਹੈ !

**ਮਰਦ ਸੂਤਰਧਾਰ:** ਹਾਂ ! ਨਾਲੇ ਜੇ ਇਸ ਧਰਤੀ ਦੇ ਜਵਿਾਂ ਦੀਆਂ ਪ੍ਰਜਾਤੀਆਂ ਦੀ ਉਪਰਲੇ ਅਨੁਮਾਨ ਵੇਖੀਏ ਤਾਂ ਇਥੇ ਦਸ ਕਰੋੜ ਪ੍ਰਜਾਤੀਆਂ ਨੇ ਤਾਂ ਅਲੋਪ ਹੋਣ ਵਾਲੀਆਂ ਦੀ ਗਿਣਤੀ ਬਣ ਜਾਂਦੀ ਹੈ ਇੱਕ ਲੱਖ ਸਾਲਾਨਾ !

**ਔਰਤ ਸੂਤਰਧਾਰ:** ਸੱਭ ਤੋਂ ਵੱਡੀ ਗੱਲ ਹੈ ਕਿ ਇਹ ਤਾਣਾ ਬਾਣਾ ਆਪਣਾ ਭੋਜਨ ਆਪਣੇ ਆਪ ਹੀ ਕਰੀ ਜਾਂਦਾ ਹੈ ਪ੍ਰਾਪਤ ਇੱਕ ਦੂਜੇ ਤੋਂ ! ਕੌਣ ਦਿੰਦਾ ਹੈ ਪਾਣੀ ਜੰਗਲਾਂ ਨੂੰ ? ਕੌਣ ਪਾਉਂਦਾ ਹੈ ਖਾਦ ? ਕੌਣ ਦਿੰਦਾ ਹੈ ਭੋਜਨ ਜਾਨਵਰਾਂ ਨੂੰ ?

**ਮਰਦ ਸੂਤਰਧਾਰ:** ਠੀਕ ਹੈ , ਪਰ ਜੇ ਕਰ ਮਨੁੱਖ ਦੀ ਤਰ੍ਹਾਂ ਸਾਰੇ ਪ੍ਰਾਣੀ ਆਪਣਾ ਸਬਰ ਸੰਤੋਖ ਖੋ ਕੇ ਕਰਨ ਲੱਗ ਜਾਣ ਜਾਇਆ ਹਰ ਵਸਤੂ ਨੂੰ ਤਾਂ ਤੇ ਬਰਬਾਦ ਹੋਣਾ ਹੀ ਹੈ ਇਸ ਵੰਨ -ਸਵੰਨਤਾ ਨੇ !

**ਔਰਤ ਸੂਤਰਧਾਰ:** ਤਾਂ ਹੀ ਤਾਂ ਮੈਂ ਕਹਿੰਦੀ ਹਾਂ ਆਧੁਨਿਕ ਬੰਦੇ ਨਾਲੋ ਤਾਂ ਜਾਨਵਰ ਸਿਆਣੇ !

**ਮਰਦ ਸੂਤਰਧਾਰ:** ਭਾਗਮਾਨੇਂ ! ਮੈਨੂੰ ਕਹਿੰਦੀ ਸੀ ਜੱਗੋਂ ਤੇਰਵੀਂ ਹੁਣ ਤਾਂ ਲੱਗਦਾ ਐ ਕਿ ਤੂੰ ਤਾਂ ਚੌਧਵੀਂ ਹੀ ਕਰ ਦਿੱਤੀ !

**ਔਰਤ ਸੂਤਰਧਾਰ:** ਕੋਈ ਨੀ ਕੀਤੀ ਮੈਂ ਜੱਗੋਂ ਤੇਰ੍ਹਵੀਂ ਜਾ ਚੌਧਵੀਂ ! ਤੁਸੀਂ ਮੈਨੂੰ ਦੱਸੋ ਜਰਾ ਕਿ ਕਿਸੇਨੇ ਕਦੀ ਵੇਖਿਆ ਹੈ ਕਿ ਜੰਗਲ ਵਿੱਚ ਸ਼ੇਰ ਬੁਰਕ ਮਾਰ ਮਾਰ ਕੇ ਹੀ ਸੁੱਟਦਾ ਰਹਿੰਦਾ ਹੈ ਜਾਨਵਰਾਂ ਨੂੰ ਜਾ ਫਿਰ ਸ਼ੇਰ ਹੋ ਗਿਆ

ਸ਼ਾਕਾ ਹਾਰੀ ? ਕੀ ਕਦੇ ਕਿਸੇਨੇ ਕਿਤੇ ਵੇਖਿਆ ਹੈ ਕਿ ਕਿਸੇ ਪਸ਼ੂ ਨੇ ਜੰਗਲ ਦਾ ਘਾਹ ਹੀ ਇਕੱਠਾ ਕਰਕੇ ਆਪਣਾ ਭਰ ਲਿਆ ਹੋਵੇ ਘੁਰਨਾ !

**ਮਰਦ ਸੂਤਰਧਾਰ:** ਵਾਹ ਭਾਗਮਾਨੇ ! ਜਵਾਬ ਨਹੀਂ ਤੇਰਾ ਵੀ ! ਸੱਚ ਮੁੱਚ ਖੋਲ੍ਹ ਦਿੱਤੀਆਂ ਮੇਰੀਆਂ ਤਾਂ ਅੱਖਾਂ ! ਕਰ ਦਿੱਤਾ ਚਾਨਣ ।ਬੱਸ ਮਿਲ ਗਿਆ ਜਵਾਬ ! ਲੋੜ ਅਨੁਸਾਰ ਵਰਤੋਂ , ਨਾ ਕਰੋ ਬਰਬਾਦੀ ਸ੍ਰੋਤਾਂ ਦੀ ! ਬਚ ਜਾਵੇਗੀ ਜੈਵਿਕ ਵੰਨ ਸੁਵੰਨਤਾ ਵੀ !

**ਔਰਤ ਸੂਤਰਧਾਰ:** ਹਾਂ ! ਜੇ ਇਹ ਅਸੂਲ ਤੇ ਚੱਲਾਂਗੇ ਤਾਂ ਜਿਹੜੇ ਪਿਛਲੇ 10 ਸਾਲਾਂ ਵਿੱਚ 13 ਕਰੋੜ ਹੈਕਟਅਰ ਜੰਗਲ ਵੱਢ ਦਿੱਤੇ ਇਸ ਧਰਤੀ ਤੋਂ , ਨਹੀਂ ਪਵੇਗੀ ਲੋੜ ਐਡੇ ਵੱਡੇ ਕੁਹਾੜੇ ਚਲਾਉਣ ਦੀ !

**ਮਰਦ ਸੂਤਰਧਾਰ:** ਕੋਰਲ ਰੀਫ ਤੇ ਸਮੁੰਦਰੀ ਜੀਵ ਬਚ ਜਾਣਗੇ ਅਲੋਪਣ ਤੋਂ !

**ਔਰਤ ਸੂਤਰਧਾਰ:** ਹਾਂ ਜੀ ! ਜਦ ਸਾਨੂੰ ਪਤਾ ਚੱਲ ਜਾਵੇਗਾ ਕਿ ਜੈਵਿਕ ਵੰਨ-ਸੁਵੰਨਤਾ ਕੀ ਹੈ ਤੇ ਇਸਦੀ ਕੀ ਮੱਹਤਤਾ ਹੈ ਤਾਂ ਅਸੀਂ ਇਸਦੀ ਰਾਖੀ ਵੀ ਕਰ ਲਵਾਂਗੇ !

**ਮਰਦ ਸੂਤਰਧਾਰ:** ਪਰ ਅਜੇ ਤਾਂ ਅਸੀਂ ਧਰਤੀ ਨੂੰ ਬੰਜਰ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੇ !

**ਔਰਤ ਸੂਤਰਧਾਰ:** ਹੁਣ ਤਾਂ ਬਹੁ ਫਸਲੀ ਚੱਕਰ ਨੇ ਜ਼ਮੀਨ ਨੂੰ ਵਿਹਲੇ ਛੱਡ ਕੇ ਦਮ ਦਿਵਾਉਣ ਦਾ ਰਿਵਾਜ ਵੀ ਵੀ ਖਤਮ ਕਰ ਦਿੱਤਾ! ਪਸ਼ੂਆਂ ਨੂੰ ਚਰਾਂਦਾਂ ਵਿੱਚ ਬਹੁਤ ਜਿਆਦਾ ਚਰਾ ਕੇ ਘਾਹ ਆਦਿ ਦੁਬਾਰਾ ਉੱਗਣ ਵਾਸਤੇ ਵਕਤ ਨਾ ਦੇ ਕੇ ਵੀ ਅਸੀਂ ਜ਼ਮੀਨ ਨੂੰ ਬੰਜਰ ਬਣਾ ਰਹੇ ਹਾਂ !

**ਮਰਦ ਸੂਤਰਧਾਰ:**ਹਾਂ ਭਾਗਮਾਨੇ! ਗੱਲ ਤਾਂ ਤੇਰੀ ਠੀਕ ਐ ! ਹੁਣ ਤਾਂ ਰੁੱਖ ਵੀ ਧੜਾ ਧੜ ਕੱਟੇ ਜਾ ਰਹੇ ਨੇ ਆਹ ਪਿਆਲੇ ਤੋਂ ਸੰਗਰੂਰ ਤੱਕ ਸੜਕ ਦੇ ਦੋਵੇਂ ਪਾਸੇ ਦੂਰ ਦੂਰ ਤੱਕ ਰੁੱਖ ਨਜ਼ਰ ਨਹੀਂ ਆਉਂਦੇ ! ਇਸ ਨਾਲ ਵੀ ਤਾਂ ਉਪਜਾਊ ਭੂਮੀ ਬਣਦੀ ਹੈ ਬੰਜਰ !

**ਔਰਤ ਸੂਤਰਧਾਰ:** ਆਹ੍ਹ ਆਹ ਬਡਬੜ ਦਾ ਬੀੜ ਆਹ ਮਾਲਵੇ ਵਿਚਲੇ ਬੀੜ ਵੀ ਜੋ ਫੈਲੇ ਹੋਰੇ ਸਨ ਮੀਲਾਂ ਵਿੱਚ ਵੱਢ ਕੇ ਕਰ ਦਿੱਤੇ ਖਤਮ ਇਸ ਹਰੀ ਕ੍ਰਾਂਤੀ ਨੇ !

**ਮਰਦ ਸੂਤਰਧਾਰ:** ਵਾਹੀਯੋਗ ਜ਼ਮੀਨ ਦੇ 52% ਦੀ ਗੁਣਵਤਾ ਦਰਮਿਆਨੇ ਜਾਂ ਬਹੁਤ ਵੱਡੇ ਦਰਜੇ ਤੱਕ ਘੱਟ ਚੁੱਕੀ ਹੈ! ਜਦ ਕਿ ਸੰਸਾਰ ਦੇ 260 ਕਰੋੜ ਲੋਕ ਸਿੱਧੇ ਰੂਪ ਵਿੱਚ ਖੇਤੀ 'ਤੇ ਨਿਰਭਰ ਹਨ ਤੇ ਉਨ੍ਹਾਂ ਵਿੱਚੋਂ 150 ਕਰੋੜ ਭੌਂ ਦੇ ਬੰਜਰ ਹੋਣ ਦੀ ਸਮੱਸਿਆ ਨਾਲ ਪੀੜਿਤ ਹਨ ।

**ਔਰਤ ਸੂਤਰਧਾਰ:** ਆਹੋ ਜੀ !ਹਰ ਸਾਲ 1 ਕਰੋੜ 20 ਲੱਖ ਹੈਕਟੇਅਰ ਜ਼ਮੀਨ ਬੰਜਰ ਹੋ ਰਹੀ ਹੈ ।

**ਮਰਦ ਸੂਤਰਧਾਰ:** ਇਸੇ ਕਰਕੇ 1994 ਵਿੱਚ ਭੂਮੀ ਦੇ ਬੰਜਰ ਹੋਣ ਨੂੰ ਰੋਕਣ ਵਾਸਤੇ ਸੰਯੁਕਤ ਰਾਸਟਰ ਸੰਘ ਨੇ ਮਰਿਆਦਾ ਦਾ ਮਸੌਦਾ ਤਿਆਰ ਕੀਤਾ ।

**ਔਰਤ ਸੂਤਰਧਾਰ:** ਹਾਂ ਇਸੇ ਦਿਸ਼ਾ ਵਿੱਚ 1995 ਤੋਂ 17 ਜੂਨ ਦੇ ਦਿਵਸ ਨੂੰ ਮਾਰੂਥਲੀਕਰਨ ਰੋਕ ਦਿਵਸ ਵਜੋਂ ਮਨਾਇਆ ਜਾਣ ਲੱਗਾ ਹੈ ।

**ਮਰਦ ਸੂਤਰਧਾਰ:** ਹਾਂ ਹਾਂ ! ਸਾਨੂੰ ਰੁੱਖ ਲਗਾਉਣ ਦੀਆਂ ਮੁਹਿੰਮਾਂ ਨੂੰ ਚਲਾਉਣ ਦੀ ਲੋੜ ਹੈ ।

**ਔਰਤ ਸੂਤਰਧਾਰ:** ਆਹੋ ! ਜ਼ਮੀਨ ਵਿੱਚ ਨਾਈਟਰੋਜਨ ਦੀ ਮਾਤਰਾ ਫਾਰਮੀ ਰੇਹਾਂ ਦੀ ਥਾਂ ਤੇ ਜੇਕਰ ਫਲੀਦਾਰ ਫਸਲਾਂ ਬੀਜ ਕੇ ਕਾਇਮ ਰੱਖੀ ਜਾਵੇ ਤਾਂ ਇਹ ਬੰਜਰ ਹੋ ਰਹੀ ਭੌਂ ਬੱਚ ਸਕਦੀ ਹੈ ।

**ਮਰਦ ਸੂਤਰਧਾਰ:** ਹਾਂ ! ਹੁਣ ਤਾਂ ਪੰਜਾਬ ਨੇ ਇਨ੍ਹਾਂ ਨੂੰ ਤਿਲਾਂਜਲੀ ਹੀ ਦੇ ਰੱਖੀ ਹੈ । 1980-81 ਦਾ 341 ਹਜਾਰ ਹੈਕਟੇਅਰ ਦਾ ਦਾਲਾਂ ਤੇ ਛੋਲਿਆ ਦਾ ਰਕਬਾ ਘੱਟ ਕੇ ਕੇਵਲ 20,000 ਹੈਕਟੇਅਰ ਰਹਿ ਗਿਆ ।

**ਔਰਤ ਸੂਤਰਧਾਰ:** ਆਹੋ ਜੀ ! ਔੜ ਤੇ ਹੜ੍ਹ ਦੋਵੇਂ ਬਣਦੇ ਨੇ ਕਾਰਨ ਭੋਂ ਨੂੰ ਬੰਜਰ ਬਣਾਉਣ ਦਾ ਕਿਉਂਕਿ ਰੋੜ੍ਹ ਲੈਂਦੇ ਨੇ ਜਿਉਂਦੀ ਮਿੱਟੀ ਨੂੰ !

**ਮਰਦ ਸੂਤਰਧਾਰ:** ਹਾਂ ! ਸਾਡੇ ਦੇਸ ਨੇ ਤਾਂ ਹਰੇ ਭਰੇ ਭਾਰਤ ਦਾ ਰਾਸਟਰੀ ਮਿਸ਼ਨ ਵੀ ਸਥਾਪਤ ਕੀਤਾ ਹੈ ।

**ਔਰਤ ਸੂਤਰਧਾਰ:** ਬੱਸ ! ਕੀ ਕੇਵਲ ਧਰਤੀ ਦੀ ਸਤਾਹ ਨੂੰ ਬਚਾ ਕੇ ਕੰਮ ਚੱਲ ਜਾਵੇਗਾ ? ਹੋ ਜਾਣਗੇ ਟਿਕਾਊ ਵਿਕਾਸ ਦੇ ਟੀਚੇ ਪੂਰੇ ਮਿੱਟੀ ਨੂੰ ਬਚਾ ਕੇ ਮਰਨ ਤੋਂ ?

**ਮਰਦ ਸੂਤਰਧਾਰ:** ਨਹੀਂ ! ਇਸਦੇ ਨਾਲ ਹੀ ਧਰਤੀ ਦੇ ਗਰਭ ਵਿੱਚੋਂ ਕੱਢੀਆਂ ਜਾ ਰਹੀਆਂ ਧਾਤਾਂ ਤੇ ਅਧਾਤਾਂ ਤੇ ਹੋਰ ਪਦਾਰਥਾਂ ਦਾ ਵੀ ਟਿਕਾਊਪਨ ਵੀ ਹੈ ਜਰੂਰੀ !

**ਔਰਤ ਸੂਤਰਧਾਰ:** ਹਾਂ ! ਇਨ੍ਹਾਂ ਖਣਿਜਾਂ ਦਾ ਦੋਹਣ ਵੀ ਤਾਂ ਹੈ ਰੋੜਾ ਟਿਕਾਊ ਵਿਕਾਸ ਦੇ ਰਸਤੇ ਦੇ ਵਿੱਚ !

**ਮਰਦ ਸੂਤਰਧਾਰ:** ਅਸੀਂ ਸੁਣਿਆ ਹੈ ਕਾਲੇ ਪੱਥਰ ਨਾਮ ਦੀ ਫਿਲਮ ਦੀ ਕਹਾਣੀ ਨੂੰ ! ਅਸੀਂ ਸੁਣਿਆ ਹੈ ਕਾਨਾਂ ਵਿੱਚ ਹੁੰਦੇ ਹਾਦਸਿਆਂ ਦਾ ਬ੍ਰਿਤਾਂਤ ! ਅਸੀਂ ਜਾਣੀ ਹੈ ਕਹਾਣੀ ਕਾਨਾਂ ਦੇ ਮਜਦੂਰਾਂ ਦੀ ਦਸ਼ਾ ਦੀ !

**ਔਰਤ ਸੂਤਰਧਾਰ:** ਹਾਂ ਜੀ ! ਪੰਜਾਬ ਵਿੱਚ ਵੀ ਹੋ ਰਹੀ ਹੈ ਗੱਲ ਰੇਤ ਬਜਰੀ ਨਾਲ ਹੋ ਰਹੇ ਗੈਰ ਕਾਨੂੰਨੀ ਬੇਵਹਾ ਖਣਨ ਦੀ !

**ਮਰਦ ਸੂਤਰਧਾਰ:** ਭਾਗਮਾਨੇ ਝਾਰਖੰਡ , ਬਿਹਾਰ , ਵਿੱਚ ਹੋਏ ਦੋਹਣ ਨੂੰ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ !

**ਔਰਤ ਸੂਤਰਧਾਰ:** ਸਾਰੀ ਚਰਚਾ 'ਚੋਂ ਮੈਨੂੰ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਸਾਨੂੰ ਖਣਨ ਵਿੱਚ ਕਾਨੂੰਨ ਲਾਗੂ ਕਰਕੇ ਟਿਕਾਊ ਖਣਣ ਦੀ ਹੈ ਲੋੜ ਤਾ ਕਿ ਬਚਾ ਸਕੀਏ ਆਪਣੀ ਇਸ ਧਰਤੀ ਨੂੰ ! ਨਹੀਂ ਤਾਂ ਕਾਨਾਂ ਦੇ ਹੜ੍ਹ ਅੱਗਾਂ ਤੇ ਮਜਦੂਰਾਂ ਦੀ ਬੇਵਸੀ ਅਗੇ ਬੀਆਬਾਨ ਹੋ ਜਾਵੇਗਾ ਇਹ ਸੋਹਣਾ ਗ੍ਰਹਿ !

**ਮਰਦ ਸੂਤਰਧਾਰ:** ਸਾਡੇ ਵੱਲੋਂ ਕੀ ਕੁਦਰਤ ਦੀਆਂ ਦਾਤਾਂ ਦਾ ਐਨਾ ਦੋਹਣ ਵਾਜਬ ਹੈ ਕਿ ਅਗਲੀਆਂ ਪੀੜ੍ਹੀਆਂ ਨੂੰ ਕੁੱਝ ਬਚੇ ਹੀ ਨਾ ?

**ਔਰਤ ਸੂਤਰਧਾਰ:** ਨਹੀਂ ! ਬਿਲਕੁਲ ਨਹੀਂ ! ਸਾਨੂੰ ਸੰਜਮ ਨਾਲ ਕੇਵਲ ਆਪਣਾ ਹਿੱਸਾ ਹੀ ਚਾਹੀਦਾ ਹੈ ਵਰਤਨਾ ਤੇ ਅਗਲੀਆਂ ਪੀੜ੍ਹੀਆਂ ਦੀ ਅਮਾਨਤ ਹੈ ਜੋ ਸਾਡੇ ਕੋਲ ਉਹ ਓਨ੍ਹਾਂ ਨੂੰ ਦੇ ਕੇ ਜਾਣੀ ਹੈ !

**ਦੋਵੇਂ ਇਕੱਠੇ :** ਵਿੱਚ ਵਿਰਾਸਤ ਮਿਲੀ ਅਸਾਂ ਨੂੰ ਵਿੱਚ ਵਿਰਾਸਤ ਦੇ ਕੇ ਜਾਣਾ !

**ਪ੍ਰਸ਼ਨ ਜਿਨ੍ਹਾਂ ਦੇ ਉਤਰ ਦੇਣ ਲਈ ਮਾਹਰਾਂ ਦੀ ਚਰਚਾ ਕਰਵਾਈ ਜਾ ਸਕਦੀ ਹੈ :-**

1. ਸੰਸਾਧਨ ਕੀ ਹੁੰਦੇ ਨੇ ?
2. ਸੰਸਾਰ ਵਿੱਚ ਸੰਸਾਧਨ ਕਿਥੋਂ ਮਿਲਦੇ ਹਨ ?
3. ਕੀ ਕੁਦਰਤ ਵਿੱਚ ਮਿਲਣ ਵਾਲੀ ਹਰ ਵਸਤੂ ਹੀ ਸੰਸਾਧਨ ਹੈ ?
4. ਸੰਸਾਰ ਵਿੱਚ ਸੰਸਾਧਨਾਂ ਦੀ ਵੰਡ ਕਿਸ ਤਰ੍ਹਾਂ ਦੀ ਹੈ ?
5. ਇਹ ਜਿਹੜੀ ਮੌਜੂਦਾ ਵੰਡ ਹੈ ਸੰਸਾਧਨਾਂ ਦੀ ਉਹ ਕਿਸਨੇ ਤੇ ਕਿਵੇਂ ਕੀਤੀ ਹੈ ? ਕੀ ਹੈ ਆਧਾਰ ਇਸਦਾ?

6. ਕਿਵੇਂ ਜੁੜਿਆ ਹੈ ਕੁਦਰਤ ਦਾ ਤਾਣਾ ਬਾਣਾ ਆਪਸ ਦੇ ਵਿੱਚ ?
7. ਕਿਵੇਂ ਵਿਗੜ ਜਾਂਦਾ ਹੈ ਇਸ ਤਾਣੇ ਬਾਣੇ ਦਾ ਸੰਤੁਲਨ ?
8. ਕਿਹੜਾ ਅਜਿਹਾ ਕਾਰਕ ਹੈ ਜਿਹੜਾ ਇਸ ਤਾਣੇ ਬਾਣੇ ਵਿੱਚੋਂ ਜੇ ਜਾਵੇ ਥਿੜਕ ਤਾਂ ਟੁੱਟ ਜਾਂਦੀ ਹੈ ਸਾਰੀ ਹੀ ਲੜੀ ਤੇ ਬਣਤਰ ?
9. ਕਿਵੇਂ ਸਾਨੂੰ ਸਮਝ ਆਉਣੀ ਸੁਰੂ ਹੋਈ ਜੈਵਿਕ ਵੰਨ -ਸੁਵੰਨਤਾ ਦੀ ਮਹੱਤਤਾ ?
10. ਕਿਵੇਂ ਪਹਾੜਾਂ ਦੇ ਪ੍ਰਸਿਥਿਤਿਕ ਤੰਤਰ ਨੂੰ ਸਮਝ ਸਕਦੇ ਹਾਂ ਅਸੀਂ ?
11. ਕਿਸ ਮਿੱਟੀ ਨੂੰ ਅਸੀਂ ਕਹਿ ਸਕਦੇ ਹਾਂ ਜੀਵਤ ਮਿੱਟੀ ?
12. ਕਿਵੇਂ ਮਿੱਟੀ ਜਾਂਦੀ ਹੈ ਮਰ ?
13. ਕੁਦਰਤ ਨੂੰ ਕਿਉਂ ਕਹਿੰਦੇ ਹਾਂ ਅਸੀਂ ਇੱਕ ਜਿਉਂਦੀ ਜਾਗਦੀ ਪ੍ਰਣਾਲੀ ?
14. ਅੰਨ ਪੈਦਾ ਕਰਨ ਵਾਲਾ, ਫਲ, ਸਬਜੀਆਂ ‘ਤੇ ਦੁੱਧ, ਦਹੀਂ ਲੁਕਾਈ ਨੂੰ ਪਹੁੰਚਾਉਣ ਵਾਲਾ ਕਿਉਂ ਰਿਹਾ ਹੈ ਖੁਦਕਸ਼ੀਆਂ ਕਰ ?
15. ਕਿਉਂ ਨਹੀਂ ਖੇਤੀ ਲਾਹੇਮੰਦ ਧੰਦਾ ?
16. ਕੀ ਹੋ ਸਕਦਾ ਹੈ ਮਗਨਰੇਗਾ ਸਕੀਮ ਦੇ ਰਾਹੀਂ ਟਿਕਾਊ ਵਿਕਾਸ ਵਾਸਤੇ, ਕਿਸਾਨ ਮਜਦੂਰ ਦੀ ਆਰਥਕਤਾ ਵਾਸਤੇ ਸ਼ੁੱਧ ਹਵਾ ਤੇ ਫਲ ਆਦਿ ਰਾਹੀਂ ਗਰੀਬਾਂ ਨੂੰ ਪੌਸ਼ਟਿਕ ਆਹਾਰ ਉਪਲਬਧ ਕਰਵਾਉਣ ਬਾਰੇ ।
17. ਜੰਗਲਾਂ ਬੇਲਿਆਂ ਨੂੰ ਕਿਉਂ ਨਹੀਂ ਲੋੜ ਖਾਦ ਦੀ , ਪਾਣੀ ਦੀ ਤੇ ਜੰਗਲੀ ਜਾਨਵਰਾਂ ਵਾਸਤੇ ਭੋਜਨ ਤਿਆਰ ਕਰਨ ਦੀ ?
18. ਕੀ ਹਨ ਗ੍ਰੀਨ ਹਾਊਸ ਜਾ ਹਰਿਤ ਘਰ ਪ੍ਰਭਾਵ ਗੈਸਾਂ ?
19. ਕਿਵੇਂ ਹੈ ਓਜ਼ੋਨ ਵੀ ਗਰੀਨਹਾਊਸ ਗੈਸ ?
20. ਓਜ਼ੋਨ ਦੀ ਮੋਰੀ ਦੀ ਗੱਲ ਕਿਉਂ ਕੀਤੀ ਜਾ ਰਹੀ ਹੈ ? ਕਿਵੇਂ ਹੁੰਦੀ ਹੈ ਇਹ ਪੈਦਾ ?
21. ਕੀ ਕੀਤੇ ਜਾ ਰਹੇ ਨੇ ਯਤਨ ਅੰਤਰ ਰਾਸਟਰੀ ਤੇ ਰਾਸਟਰੀ ਪੱਧਰ ‘ਤੇ ਟਿਕਾਊ ਵਿਕਾਸ ਵੱਲ ਵਧਣ ਦੇ ?
22. ਕੀ ਹੈ ਜੰਗਲ ਰਾਜ? ਕੀ ਸੱਚ ਮੁੱਚ ਜੰਗਲਾਂ ਵਿੱਚ ਚਲਦਾ ਰਾਜ ਮਨੁੱਖ ਵੱਲੋਂ ਬਣਾਏ ਰਾਜ ਨਾਲੋਂ ਭੈੜਾ ਹੈ ?
23. ਸ਼ੇਰ ਖਾਂਦਾ ਤਾਂ ਜਾਨਵਰ ਮਾਰ ਕੇ ਹੀ ਹੈ ਪਰ ਉਹ ਕੀ ਨਹੀਂ ਕਰਦਾ ਜਿਸ ਕਰਕੇ ਬਣਿਆ ਰਹਿੰਦਾ ਹੈ ਵਣ ਜੀਵਣ ਦਾ ਕੁਦਰਤੀ ਸੰਤੁਲਨ ?
24. ਕੀ ਹੁੰਦਾ ਹੈ ਟਿਕਾਊ ਖਨਨ ?
25. ਕਿਉਂ ਹੋ ਰਿਹਾ ਹੈ ਵਾਤਾਵਰਣ , ਕਾਨ ਮਜਦੂਰਾਂ ਦੀ ਸਿਹਤ ਤੇ ਆਰਥਕਤਾ ਅਤੇ ਕਾਨਾਂ ਤੋਂ ਮਿਲਦੇ ਕੁਦਰਤੀ ਸੰਸਾਧਨਾਂ ਦਾ ਘਾਣ ?
26. ਕੀ ਕਾਰਨ ਹੈ ਕਿ ਅੱਜ ਮਨੁੱਖ ਨਹੀਂ ਸਮਝ ਰਿਹਾ ਕੁਦਰਤ ਦੇ ਤਾਣੇ ਬਾਣੇ ਨੂੰ ਤੇ ਕੁਦਰਤੀ ਦਾਤਾਂ ਦੀ ਅਹਿਮੀਅਤ ਨੂੰ ?
27. ਆਉਣ ਵਾਲੀਆਂ ਪੀੜ੍ਹੀਆਂ ਲਈ ਕੀ ਸਕਦੇ ਹਾਂ ਅਸੀਂ ਕਰ ?